# ਅੰਮ੍ਰਿਤ ਕੀਰਤਨ

# AMRIT KIRTAN



ਜੁਲਾਈ 2001

ਸੰਪਾਦਕ :
ਡਾ. ਜਾਗੀਰ ਸਿੰਘ

# ਰਬਾਬ



ਰਬਾਬ ਅਰਬ ਦੇਸ ਤੋਂ ਸਾਡੇ ਦੇਸ ਵਿੱਚ ਆਇਆ। ਇਹ ਮਿਜ਼ਰਾਬ ਵਰਗੀ ਇੱਕ 'ਪੱਤਰੀ' ਨਾਲ ਵਜਾਇਆ ਜਾਂਦਾ ਹੈ। ਰਬਾਬ ਵਜਾਉਣ ਵਾਲੇ ਨੂੰ ਰਬਾਬੀ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰਬਾਬ ਬਹੁਤ ਪਸੰਦ ਸੀ। ਜਦੋਂ ਉਹ ਆਪਣੀ ਰਚੀ ਹੋਈ ਬਾਣੀ ਨੂੰ ਰਾਗਾਂ ਵਿੱਚ ਗਾਉਂਦੇ ਸਨ ਤਾਂ ਭਾਈ ਮਰਦਾਨਾ ਉਹਨਾਂ ਨਾਲ ਰਬਾਬ ਵਜਾਉਂਦਾ ਹੁੰਦਾ ਸੀ।

ਅਜ ਕਲ੍ਹ ਰਬਾਬ ਦਾ ਰਿਵਾਜ ਅਫ਼ਗਾਨਿਸਤਾਨ ਅਤੇ ਕਸ਼ਮੀਰ ਵਿੱਚ ਹੈ।

# ਸਰੋਦ



ਸਰੋਦ ਰਬਾਰ ਦਾ ਹੀ ਇੱਕ ਰੂਪ ਹੈ। ਇਸ ਵਿੱਚ ਸਟੀਲ ਦੀਆਂ ਤਾਰਾਂ ਹੁੰਦੀਆਂ ਹਨ ਅਤੇ ਇਸ ਨੂੰ ਵੀ ਰਬਾਬ ਵਾਂਗ 'ਪੱਤਰੀ ਨਾਲ ਵਜਾਇਆ ਜਾਂਦਾ ਹੈ।

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 7 • ਸਾਲ ਤੇਰ੍ਹਵਾਂ • ਜੁਲਾਈ 2001



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | |
| ਕਰਉ ਬੇਨੰਤੀਆ | 5 | |
| ਜਨਮਸਾਖੀਆਂ ਵਿਚਲੇ ਭਾਈ ਮਰਦਾਨਾ ਜੀ | 6 | ਡਾ. ਹਰਪਾਲ ਸਿੰਘ ਪੰਨੂ |
| ਆਨੰਦ – ਅੰਮ੍ਰਿਤ ਧਾਰਾ | 12 | ਕਰਤਾਰ ਸਿੰਘ ਨੀਲਧਾਰੀ |
| ਜਹ ਜਹ ਦੇਖਾ ਤਹ ਤਹ ਤੂ ਹੈ | 16 | ਡਾ. ਜਾਗੀਰ ਸਿੰਘ |
| ਸਾਡੇ ਕੀਰਤਨੀਏ–ਭਾਈ ਸੁਖਰਾਜ ਸਿੰਘ ਜੀ | 21 | ਭਾਈ ਅਵਤਾਰ ਸਿੰਘ ਹੰਸ |
| ਆਉ ਤਬਲਾ ਸਿਖੀਏ | 22 | ਭਾਈ ਗੁਰਜੰਤ ਸਿੰਘ ਰਾਹੀ |
| ਪੁਸਤਕ ਸਮੀਖਿਆ | 27 | ਡਾ. ਗੁਰਮੀਤ ਸਿੰਘ ਬੈਦਵਾਣ |
| Glorious Heritage of Punjab | 30 | Gurbax Singh Shergill |
| ਸੁਰ ਲਿਪੀਆਂ | 34 | ਭਾਈ ਹਰਿੰਦਰ ਪਾਲ ਸਿੰਘ |
| ਸੁਰ–ਲਿਪੀ ਵਾਲੇ ਸ਼ਬਦਾਂ ਦੇ ਅਰਥ | 35 | ਮਨਮੋਹਨ ਸਿੰਘ |


**ਕਵਰ ਚਿੱਤਰ : ਭਾਈ ਮਰਦਾਨਾ ਜੀ**
**ਚਿੱਤਰਕਾਰ : ਅ. ਸ. ਵਾਲੀਆ**

**ਚੰਦੇ ਦਾ ਵੇਰਵਾ :**
- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.
- ਵਿਦੇਸ਼: ਸਲਾਨਾ 30 $ ਜੀਵਨ ਮੈਂਬਰ (15 ਸਾਲ) 300 $


**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915
e-mail: drjagirsingh@rediffmail.com


- Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001

**ਇਸ਼ਤਿਹਾਰਾਂ ਦਾ ਵੇਰਵਾ :**
*ਪਿਛਲਾ ਕਵਰ:* 6000 ਰੁਪਏ
*ਕਵਰ ਦੇ ਅੰਦਰਲੇ ਪੰਨੇ:* 4000 ਰੁਪਏ
*ਸਾਧਾਰਨ ਪੂਰਾ ਪੰਨਾ:* 2000 ਰੁਪਏ

- 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ॥
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ.ਸੀ.ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610403677

# ਮਿਤ੍ਰ ਅਸਾਡੜੇ ਸੇਈ

★ ਜੂਨ ਦੇ ਅੰਕ ਵਿਚਲੀ ਤੁਹਾਡੀ ਡਾਕ ਵਿੱਚ ਸ੍ਰ. ਕੁਲਦੀਪ ਸਿੰਘ ਮਤਵਾਲਾ ਜੀ ਨੇ ਆਲੋਚਕ ਦੀ ਪਰੀਭਾਸ਼ਾ ਕਰਦੇ ਹੋਏ ਲਿਖਾਰੀਆਂ ਦਾ ਸ਼ੁਭਚਿੰਤਕ ਵੀ ਕਿਹਾ ਹੈ। "ਗੁਣਾਂ ਨੂੰ ਆਪਣੀ ਕਮਜੋਰੀ ਛਪਾਉਣ ਹਿਤ, ਕਿਸੇ ਵੈਰ ਭਾਵ ਅਧੀਨ ਜਾਂ ਫਿਰ ਆਪਣੇ ਗੁਪਤ ਮਨੋਰਥ ਦੀ ਪੂਰਤੀ ਲਈ, ਅਉਗਣ ਬਣਾਕੇ ਦਰਸਾਉਣ ਨੂੰ ਅਲੋਚਨਾ ਨਹੀਂ ਨਿੰਦਾ ਜਾਂ ਅਹਿਰਖ ਵਾਦ ਕਿਹਾ ਹੈ" ਤੇ ਇਸ ਦੇ ਅੱਗੇ ਲਿਖਦੇ ਹਨ- "ਇਸ ਦੇ ਉਲਟ ਕਿਸੇ ਦੀ ਲਿਖਤ ਵਿੱਚ ਆਏ ਅਉਗਣਾਂ ਨੂੰ ਗੁਣ ਬਣਾ ਕੇ ਪਰਗਟ ਕਰਨ ਨੂੰ ਪ੍ਰਸੰਸਾ ਜਾਂ ਚਾਪਲੂਸੀ ਕਿਹਾ ਜਾਂਦਾ ਹੈ" ਲੇਖ ਪਤ੍ਰ ਦੇ ਅੰਤ ਵਿੱਚ ਪੰਜ ਨੁਕਤਿਆਂ ਵਿੱਚ ਮੇਰੇ ਪਤ੍ਰ ਦੇ ਵਿਚਾਰਾਂ ਨੂੰ ਵਿਅੰਗ ਅਤੇ ਟਿੱਚਰ ਮਈ ਅਲੋਚਨਾ ਦਾ ਸਰਟੀਫਿਕੇਟ ਦਿੰਦੇ ਹਨ। ਧੰਨਭਾਗ ਅਸਾਡੇ ਮਿਲ ਗਏ ਮਿੱਤਰ ਵਡਭਾਗੇ?

ਮਤਵਾਲਾ ਜੀ ਇਹ ਭੁਲ ਗਏ ਕਿ ਸੰਪਾਦਕੀ ਡਾਕ, ਜਿਸ ਨੂੰ ਇਸ ਪ੍ਰਤਿਕਾ ਵਿੱਚ "ਮਿਤ੍ਰ ਅਸਾਡੜੇ ਸੇਈ" ਦਾ ਗੁਰਮਤਿ ਨਾਮ ਦਿੱਤਾ ਹੈ, ਵਿੱਚ ਕੇਵਲ ਪਾਠਕਾਂ ਦੇ ਸੁਝਾਅ ਜਾਂ ਨਿੱਜੀ ਵਿਚਾਰਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸ ਨੂੰ ਅਲੋਚਨਾ ਦਾ ਨਾਮ ਨਹੀਂ ਦਿੱਤਾ ਜਾ ਸਕਦਾ ਜਾਂ ਅਲੋਚਨਾ ਦੇ ਸਿਰਲੇਖ ਹੇਠ ਨਹੀਂ ਮਿਥਿਆ ਜਾ ਸਕਦਾ। ਪਤ੍ਰ ਦੇ ਅੰਤ ਵਿੱਚ ਮਤਵਾਲਾ ਜੀ ਬੜੇ ਆਦਰਸ਼ਵਾਦੀ ਢੰਗ ਨਾਲ ਨਿਤ ਦੀ ਅਰਦਾਸ ਵਿੱਚ ਦੇਖ ਕੇ ਅਣਡਿੱਠ ਕਰਨ ਦੀ "ਦੀ ਉਪਮਾ ਕਰਕੇ ਮੇਰੇ ਵਰਗੇ ਪਾਠਕ ਨੂੰ ਯਾਦ ਕਰਕੇ ਵਾਹਿਗੁਰੂ ਚਿੱਤ ਆਉਣ ਦੀ ਗੁਰਮਤਿ ਪ੍ਰਗਟਾ ਕੇ ਸਭ ਦੇ ਲਈ ਵਾਹਿਗੁਰੂ ਪਾਸੋਂ ਸੁਮੱਤ ਮੰਗਦੇ ਹਨ। ਬਹੁਤ ਖੂਬ ਚਿੱਤ ਵੀ ਮੇਰੀ ਪਟੋ ਵੀ ਮੇਰੀ। ਗੁਰੂ ਦਾ ਨਾਮ ਦੋ ਥਾਂ ਤੇ ਬਹੁਤ ਚੇਤਾ ਆਉਂਦਾ ਹੈ ਇੱਕ ਤਾਂ ਜਦੋਂ ਕਿਸੇ ਸਹਿਜ ਭਾਵ ਸਾਧ ਦੇ ਦਰਸ਼ਨ ਹੋ ਜਾਣ, ਦੂਜੇ ਜਿਸ ਤੋਂ ਡਰ ਜਾਂ ਘਿਰਣਾ ਜਾਂ ਕੰਮ ਵਿਗੜਨ ਦੀ ਆਸ ਹੋਵੇ।

ਮਤਵਾਲਾ ਜੀ ਤੁਸੀਂ ਪੱਤਰ ਨੂੰ ਸੰਪਾਦਕੀ ਡਾਕ ਦੇ ਨਜ਼ਰੀਏ ਨਾਲ ਇੱਕ ਪਾਠਕ ਗੋਸ਼ਟੀ ਦੇ ਵਿਚਾਰਾਂ ਦੀ ਮੇਰੀ ਸਿੱਧੀ ਸਾਧੀ ਲਿਖਤ ਨੂੰ ਮਨਮੱਤ (ਨਿੰਦਾ, ਟਿੱਚਰ ਤੇ ਵਿਅੰਗ) ਘੋਸ਼ਿਤ ਕਰਕੇ ਗੁਰਮਤਿ ਆਦਰਸ਼ ਅਨੁਸਾਰ ਦੇਖ ਕੇ ਅਣਡਿੱਠ ਕਰਨ ਦੀ ਬਜਾਏ ਆਪਣੀ ਕੁੰਠਾ ਗ੍ਰਸਤ ਤੇ ਕਟੂ ਮਾਨਸਿਕਤਾ ਅਤੇ ਵਾਦ ਵਿਵਾਦ ਢੰਗ ਨਾਲ ਨਿਜੀ ਅਸਹਿਜਤਾ, ਭ੍ਰਮ ਤੇ ਦੁਬਿਧਾ ਦਾ ਹੀ ਪ੍ਰਦਰਸ਼ਨ ਕੀਤਾ ਹੈ। ਮਤਵਾਲਾ ਜੀ ਸੰਪਾਦਕੀ ਡਾਕ ਦੀ ਵੀ ਆਪਣੀ ਮਰਿਯਾਦਾ ਹੁੰਦੀ ਹੈ ਅਤੇ ਸਾਨੂੰ ਆਪਣੀ ਸੀਮਾ ਤੋਂ ਇਲਾਵਾ ਗੁਰਮਤਿ ਆਦਰਸ਼ਾਂ ਦੀ ਕਥਨੀ ਦੀ ਬਜਾਏ ਕਰਨੀ (ਲੇਖਨੀ) ਵਿੱਚ ਵੀ ਪ੍ਰਗਟਾਉਣਾ ਬਣਦਾ ਹੈ ਫਤਵੇ ਦੇਣਾ ਧਰਮ ਦੇ ਏਜੰਟਾਂ ਦਾ ਕੰਮ ਹੈ। ਸਨਿਮਰ ਬੇਨਤੀ ਹੈ-

1. ਵੰਡ ਤੋਂ ਪਹਿਲਾਂ ਭਾਈ ਲਾਲ ਹਰਿਮੰਦਰ ਸਾਹਿਬ ਦਾ ਕੀਰਤਨੀਆ ਸੀ ਤੇ 300 ਸੌ ਸਾਲਾ ਖਾਲਸਾ ਸਾਜਨਾ ਪੁਰਬਾਂ ਵਿੱਚ ਸਨਮਾਨਿਤ ਵੀ ਕੀਤਾ ਗਿਆ ਪਰ ਹੁਣ ਉਸਨੂੰ ਕੀਰਤਨ ਦੀ ਆਗਿਆ ਨਾ ਦੇ ਕੇ ਜੋ ਵਿਵਾਦ ਅਖਬਾਰਾਂ ਵਿੱਚ ਹੋਇਆ ਹੈ ਉਸ ਤੋਂ ਤੁਸੀਂ ਜਾਣੂ ਹੀ ਹੋਵੋਗੇ। ਉਲਿੱਖਤ ਸਿੱਖ ਇਤਿਹਾਸ ਕੋਈ ਖੁਦਾਈ ਪਰਵਾਨਾ ਨਹੀਂ ਪਰ ਚਰਣ ਪਾਹੁਲ ਵਾਲੀ ਪਰੰਪਰਾ ਤੋਂ ਕੋਈ ਇਨਕਾਰੀ ਨਹੀਂ। ਪਰ ਇੱਥੇ ਖੰਡੇ ਪਾਹੁਲ ਦੀ ਸ਼ਰਤ ਦੀ ਚਰਚਾ ਵਿੱਚ ਚਰਣ ਪਾਹੁਲ ਦੀ ਅਜੋਕੀ ਸਟੀਕਤਾ ਕੀ ਰਹਿ ਜਾਂਦੀ ਹੈ? ਤੁਸੀਂ ਜ਼ਿਆਦਾ ਤਰਕਸ਼ੀਲ ਵਿਚਾਰ ਰੱਖਦੇ ਹੋ।
2. ਗੁਰਬਾਣੀ ਨੌਂ ਦਵਾਰਾਂ ਤੋਂ ਬਾਹਰ ਧੁਰ ਤੋਂ ਦਸਵੇਂ ਦਵਾਰ ਦੀ ਉੱਚਤਮ ਸਿਖਰਾਂ ਤੋਂ ਉੱਤਰੀ ਹੈ ਇਸ ਲਈ ਸਾਰੇ ਰਚਨਹਾਰੇ ਇੱਕ ਸਮਾਨ ਮੱਥਾ ਟਿਕਾਂਦੇ ਹਨ। ਗੁਰੂ ਕੇ ਸਿੱਖ ਜਦੋਂ ਅਜਿਹੀ ਸਰੇਸ਼ਟ ਆਤਮਿਕ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਤਾਂ ਉਹ ਇਸਦਾ ਭਾਵ ਅਰਥ ਸਹਜਤਾ ਨਾਲ ਦਸ ਦਿੰਦੇ ਹਨ। ਸ਼ਾਬਦਿਕ ਅਰਥ ਬਥੇਰੇ ਵਿਦਵਾਨ ਕਰ ਚੁੱਕੇ ਹਨ ਅਤੇ ਕਰ ਰਹੇ ਹਨ। ਜਿਸ ਨੂੰ ਸਹਜ ਦੀ ਅਵਸਥਾ ਪ੍ਰਾਪਤ ਹੋਈ ਹੋਵੇ ਉਹ ਉਸਦੇ ਉਚਾਰਣ ਤੇ ਗਾਇਨ ਤੋਂ ਪਰਗਟ ਹੋ ਹੀ ਜਾਂਦੀ ਹੈ। ਉਸ ਵੇਲੇ ਗੁਰੂ ਦੀ ਗੁਰਬਾਣੀ ਵਕਤਾ ਤੇ ਸਰੋਤਾ ਨੂੰ ਅਜੀਬ ਮੰਡਲ ਵਿੱਚ ਲੈ ਜਾਂਦੀ ਹੈ। ਕੀ ਇਹ ਗੁਣ ਸਾਰੇ ਰਾਗੀਆਂ ਲਈ ਚਰਿਤਾਰਥ ਹੋ ਸਕਦੇ ਹਨ?
3. ਟੀ ਵੀ ਵਿੱਚ ਹਰਿਮੰਦਰ ਸਾਹਿਬ ਵਿੱਚ ਦੋ ਵਾਜੇ ਵਾਲੇ ਅਤੇ ਇੱਕ ਤਬਲਾ ਵਾਲਾ ਹੁੰਦਾ ਹੈ ਜਦਕਿ ਭਾਈ

ਕਿਰਪਾਲ ਸਿੰਘ ਜਥੇਦਾਰ ਦੀ ਲਿਖਤ ਅਨੁਸਾਰ ਇੱਕ ਰਾਗੀ ਤੰਤੀ ਸਾਜ ਵਾਲਾ ਨਿਯਮ ਮਰਯਾਦਾ ਅਨੁਸਾਰ ਜ਼ਰੂਰੀ ਹੈ। ਗੁਰਮਤਿ ਸੰਗੀਤ ਗੀਤ ਤੋਂ ਬਾਹਰ ਸੁਗਮ ਸੰਗੀਤ ਦਾ ਗਾਇਨ ਵੀ ਪ੍ਰਚਲਿਤ ਹੋਇਆ ਦੇਖ ਸਕਦੇ ਹੋ। ਹਰਮੋਨੀਅਮ ਨੂੰ ਕਈ ਚਿਰ ਆਲ ਇੰਡੀਆ ਰੇਡਿਓ ਤੇ ਵੀ ਪ੍ਰਵੇਸ਼ ਨਹੀਂ ਸੀ ਮਿਲਿਆ। ਜਦੋਂ ਨਿਰਧਾਰਿਤ ਰਾਗਾਂ ਵਿੱਚ ਨਿਰਧਾਰਿਤ ਰਾਗ, ਅਨੁਸ਼ਾਸਨ ਤੇ ਸਾਜਾਂ ਨਾਲ ਕੀਰਤਨ ਦੀ ਲੋੜ ਹੀ ਨਾ ਸਮਝੀ ਜਾਵੇ ਫੇਰ ਕੀਰਤਨ ਵਿੱਚ ਸਹਿਜ ਅਵਸਥਾ ਦੀ ਗਲ ਕਰਨਾ ਵੀ ਯੂਟੋਪੀਆ ਹੈ।

- ***ਕਰਤਾਰ ਸਿੰਘ ਨੀਲਧਾਰੀ,*** 162-ਏ, ਗਰੇਨ ਮਾਰਕੀਟ ਚੰਡੀਗੜ੍ਹ

★ ਮੈਨੂੰ 'ਅੰਮ੍ਰਿਤ ਕੀਰਤਨ' ਬਹੁਤ ਹੀ ਅੱਛਾ ਲਗਦਾ ਹੈ ਸਾਰੇ ਹੀ ਲੇਖ ਮਨ ਦੀ ਤਹਿ ਤਕ ਅਸਰਦਾਰ ਹੁੰਦੇ ਹਨ। ਨਵੀਆਂ, ਪੁਰਾਣੀਆਂ ਜਾਣਕਾਰੀਆਂ ਦਾ ਭਰਪੂਰ ਭੰਡਾਰ ਹੈ। ਸਫੇ ਸਾਫ ਤੇ ਸੋਹਣੇ ਹੋਣ ਕਾਰਨ ਨਜ਼ਰਾਂ ਅੱਖਰ ਅੱਖਰ ਤੇ ਟਿਕਦੀਆਂ ਹਨ।

ਮੇਰੀ ਪਰਮਾਤਮਾ ਅੱਗੇ ਅਰਦਾਸ ਹੈ ਕਿ 'ਅੰਮ੍ਰਿਤ ਕੀਰਤਨ' ਦੀ ਛੋਹ ਹਰ ਸਿੱਖ ਤੱਕ ਪੁੱਜੇ ਅਤੇ ਆਪ ਜੀ ਦਾ ਇਹ ਉਪਰਾਲਾ ਬੁਲੰਦੀਆਂ ਨੂੰ ਛੋਹੇ।

- ***ਸਤਿੰਦਰ ਸਿੰਘ,*** ARM./WINDER-ELECT Dept., HCL -PO Malang Khand.
Distt. Balaghat 481 116 (M.P.)

## ਗਲਤੀ ਲਈ ਸੋਧ

ਪਿਛਲੇ ਅੰਕ ਵਿੱਚ ਟਾਈਟਲ ਉੱਤੇ ਜੂਨ 2001 ਦੀ ਥਾਂ ਜੁਲਾਈ 2001 ਛਪ ਗਿਆ ਹੈ।
ਇਸ ਨੂੰ ਜੂਨ 2001 ਸਮਝਿਆ ਜਾਵੇ।
ਗਲਤੀ ਲਈ ਖਿਮਾਂ।



*Dear Associate, Donor, Wellwisher*

***Congratulations !***

**MORNI HILLS (DISTT. PANCHKULA) IS CATARACT FREE ZONE**

*Thanks to the Almighty, Our Associates, Donors & Well Wishers for the kindness which ensured Morni Hills (Distt. Panchkula). Cataract Free Zone before target date 31.03.2001*

**ABOVE COULD BE ACHIEVED DUE TO YOUR GUIDANCE & CONTINUED SUPPORT.**

*Thanks*
*Please Keep it up*

*K.S. CHUGH* *H.B. SINGH CHOPRA* *D.S. ARORA* *JASBEER K. GHUGH*

*Let us be in the service of Humanity*

- Donate Eyes
- Donate Blood
- De-Addiction
- Aids Awareness
- Help Sick
- Help Aged
- Vocational Training
- Promote Education
- Help Handicapped
- Women Upliftment

HELP NEEDY

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

# A Prayer

Let me do my work each day
and if the darkened hours of despair overcome me
may I not forget the strength that comforted me
in the desolation of other times.

May I still remember the bright hours that found me
walking over the silent hills of my childhood
or dreaming on the margin of the quiet river
when a light glowed within me, and I promised my early god
to have courage amid the tempests of the changing years.

Spare me the bitterness
and from the sharp passions of unguarded moments
May I not forget that poverty and riches are of the spirit.

Though the world knew me not, may my thoughts and actions
be such, as shall keep me friendly with myself.

Lift my eyes from the Earth
and let me not forget the uses of the stars.

Forbid that I should judge others
lest I condemn my self.

Let me not follow the clamour of the world
but walk calmly on my path.

Give me a few friends who will love me for what I am
and keep ever burning before my vagrant steps the kindly light
of Hope.

And though age and infirmity overtake me, and I come not
within sight of the castle of my dreams, teach me still to
be thankful for life and for time's older memories that
are good and sweet
and may the evening's twilight find me gentle still.

---

**PAGE SPONSORED BY : AHUJA FAMILY**
C-353, Defence Colony New Delhi 110 024

# ਕਰਉ ਬੇਨੰਤੀਆ

## ਮਨ-ਬੈਂਕ

ਅੱਕ ਕਲ੍ਹ ਇੱਕ ਕਿਤਾਬ ਪੜ੍ਹ ਰਿਹਾ ਹਾਂ 'The magic of thinking big', ਇਸ ਦਾ ਲੇਖਕ- David J. Schwartz. ਹੈ। ਪੰਜਾਬੀ ਵਿੱਚ ਇਹੋ ਜਿਹੀਆਂ ਪੁਸਤਕਾਂ ਦੀ ਘਾਟ ਹੈ। ਅਸਲ ਵਿੱਚ ਅਸੀਂ ਆਪਣੀ ਜ਼ਿੰਦਗੀ ਰੱਬ ਦੇ ਭਰੋਸੇ ਹੀ ਜੀਣ ਦੇ ਆਦੀ ਹਾਂ। ਰਬ ਵਲੋ ਦਿੱਤੀਆਂ ਰਿਆਸਤਾਂ ਦੀ ਯੋਗ ਵਰਤੋਂ ਕਰਨ ਵਿੱਚ ਵੀ ਆਲਸ ਕਰਦੇ ਹਾਂ ਅਤੇ ਆਲਸ ਸਾਡੀ ਸਭ ਤੋਂ ਵੱਡੀ ਦੁਸ਼ਮਣ ਬਣ ਗਈ ਹੈ।

ਇਸ ਪੁਸਤਕ ਵਿੱਚ ਇੱਕ ਥਾਂ ਤੇ ਲੇਖਕ ਲਿਖਦਾ ਹੈ ਕਿ ਸਾਡਾ ਮਨ ਸਮਝੋ ਇੱਕ ਬੈਂਕ ਹੈ ਅਤੇ ਇਸ ਵਿੱਚ ਭਾਂਤ-ਭਾਂਤ ਦੇ ਵਿਚਾਰ ਜਮ੍ਹਾ ਹੋਏ ਹਨ। ਹਾਂ ਪੱਖੀ ਵੀ ਅਤੇ ਨਾਂਹ ਪੱਖੀ ਵੀ।

ਜੋ ਵੀ ਤੁਸੀਂ ਪੜ੍ਹਦੇ-ਸੁਣਦੇ-ਦੇਖਦੇ ਹੋ ਉਹ ਤੁਹਾਡੇ ਮਨ-ਬੈਂਕ ਵਿੱਚ ਜਮ੍ਹਾ ਹੋ ਜਾਂਦਾ ਹੈ। ਜਦੋਂ ਕੋਈ ਸਮੱਸਿਆ ਆਉਂਦੀ ਹੈ, ਤਾਂ ਜੇ ਤੁਸੀਂ ਪਹਿਲਾਂ ਹੀ ਇਹ ਕਹਿੰਦੇ ਹੋ ਕਿ ਇਹ ਸਮੱਸਿਆ ਜਟਿਲ ਹੈ ਇਸ ਲਈ ਇਸ ਅੱਗੇ ਹਾਰ ਮੰਨ ਲੈਣੀ ਚਾਹੀਦੀ ਹੈ ਅਤੇ ਨਾਲ ਹੀ ਤੁਸੀਂ ਆਪਣੇ ਮਨ-ਬੈਂਕ ਨੂੰ ਉਸ ਦਾ ਖਿਆਲ ਪੁੱਛਦੇ ਹੋ ਤਾਂ ਉਹ ਤੁਹਾਨੂੰ ਦਸਦਾ ਹੈ... ਹਾਂ ਇਹ ਮੁਸ਼ਕਲ ਹੈ, ਤੁਹਾਨੂੰ ਯਾਦ ਹੈ ਪਿਛਲੀ ਵਾਰ ਵੀ ਇੱਕ ਸਮੱਸਿਆ ਤੁਹਾਡੇ ਕੋਲੋਂ ਹੱਲ ਨਹੀਂ ਸੀ ਹੋਈ। ਤੁਹਾਨੂੰ ਯਾਦ ਹੈ, ਤੁਸੀਂ ਕਿਸੇ ਨੂੰ ਇਹ ਕਹਿੰਦਿਆਂ ਸੁਣਿਆ ਸੀ- ਯਾਰ ਉਸ ਤੋਂ ਕੁਝ ਨਹੀਂ ਹੋਣਾ ਉਹ ਤਾਂ ਨਿਕੰਮਾ ਹੈ।".... ਤੇ ਤੁਹਾਡਾ ਮਨ-ਬੈਂਕ ਇਸ ਤਰ੍ਹਾਂ ਦੇ ਮਿਲਦੇ ਜੁਲਦੇ ਅਨੇਕਾਂ ਵਿਚਾਰ ਤੁਹਾਡੇ ਸਾਹਮਣੇ ਪ੍ਰਗਟ ਕਰਦਾ ਹੈ- ਕਿਉਂਕਿ ਤੁਸੀਂ ਉਸ ਕੋਲੋਂ ਇਸੇ ਦੀ ਮੰਗ ਕੀਤੀ ਸੀ। ਪਰ ਜੇ ਉਸੇ ਸਮੱਸਿਆ ਬਾਰੇ ਤੁਸੀਂ ਆਪਣੇ ਮਨ ਨੂੰ ਇਹ ਕਹਿੰਦੇ ਹੋ ਇਹ ਸਮੱਸਿਆ ਜਟਲ ਹੈ- ਪਰ ਇਸ ਦਾ ਕੋਈ ਨਾ ਕੋਈ ਹੱਲ ਹੋਵੇਗਾ- ਮੈਨੂੰ ਇਹ ਸਮੱਸਿਆ ਹਲ ਕਰਨੀ ਹੀ ਪੈਣੀ ਹੈ।" ਤਾਂ ਤੁਹਾਡਾ ਮਨ-ਬੈਂਕ ਕੁਝ ਇਸ ਤਰ੍ਹਾਂ ਦੇ ਵਿਚਾਰ ਤੁਹਾਡੇ ਸਾਹਮਣੇ ਪੇਸ਼ ਕਰਦਾ।

"ਹਾਂ ਇਹ ਹੈ ਤਾਂ ਮੁਸ਼ਕਲ ਹੈ, ਪਰ ਹੱਲ ਹੋ ਸਕਦਾ ਹੈ। ਤੁਸੀਂ ਇਸ ਤਰ੍ਹਾਂ ਦੀਆਂ ਕੁਝ ਸਮੱਸਿਆਵਾਂ ਪਹਿਲਾਂ ਵੀ ਹੱਲ ਕੀਤੀਆਂ ਹਨ। ਤੁਸੀਂ ਫਲਾਣੀ ਪੁਸਤਕ ਵਿੱਚ ਪੜ੍ਹਿਆ ਸੀ ਕਿਵੇਂ ਉਸ ਵਿੱਚ ਹੀਰੋ ਨੇ ਕਿੰਨੀਆਂ ਮੁਸ਼ਕਲਾਂ ਵਿੱਚ ਪੈ ਕੇ ਸਮੱਸਿਆ ਹੱਲ ਕੀਤੀ ਸੀ।

ਤੁਹਾਡੇ ਇੱਕ ਸੁਹਿਰਦ ਮਿੱਤਰ ਨੇ ਤੁਹਾਡੀ ਕਿੰਨੀ ਸ਼ਲਾਘਾ ਕੀਤੀ ਸੀ। ਤੁਹਾਡੇ ਕਈ ਮਿੱਤਰ ਹਨ ਜਿਹੜੇ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦੇ ਹਨ। ਤੁਹਾਡੇ ਮਨ ਬੈਂਕ ਨੇ ਇਸ ਤਰ੍ਹਾਂ ਦੇ ਵਿਚਾਰ ਤੁਹਾਡੇ ਸਾਹਮਣੇ ਰੱਖੇ ਕਿਉਂਕਿ ਤੁਸੀਂ ਇਸ ਤਰ੍ਹਾਂ ਦੀ ਮੰਗ ਉਸ ਪਾਸੋਂ ਕੀਤੀ ਸੀ।"

ਸੋ ਜੇ ਤੁਸੀਂ ਆਪਣੇ ਮਨ-ਬੈਂਕ ਨੂੰ ਹਾਂ ਪੱਖੀ ਕਰੰਸੀ ਦੇਣ ਲਈ ਕਹੋਗੇ ਤਾਂ ਉਹ ਹਾਂ ਪੱਖੀ ਕਰੰਸੀ ਦੇਵੇਗਾ ਜੇ ਨਾਂਹ ਪੱਖੀ ਕਰੰਸੀ ਦੇਣ ਲਈ ਕਹੋਗੇ ਤਾਂ ਨਾਂਹ ਪੱਖੀ ਕਰੰਸੀ ਦੇਵੇਗਾ। ਇਸ ਲਈ ਕੋਸ਼ਿਸ਼ ਕਰੀਏ ਕਿ ਸਾਡੇ ਮਨ ਬੈਂਕ ਵਿੱਚ ਹਾਂ-ਪੱਖੀ ਕਰੰਸੀ ਵਧ ਤੋਂ ਵਧ ਹੋਵੇ। ਇਹ ਸਾਨੂੰ ਚੰਗੀਆਂ ਪੁਸਤਕਾਂ ਅਤੇ ਚੰਗੀ ਸੰਗਤ ਤੋਂ ਪ੍ਰਾਪਤ ਹੋ ਸਕਦੀ ਹੈ।

# ਜਨਮਸਾਖੀਆਂ ਵਿਚਲੇ ਭਾਈ ਮਰਦਾਨਾ ਜੀ


## ਡਾ. ਹਰਪਾਲ ਸਿੰਘ ਪਨੂੰ

ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ


ਸਕੂਲ ਵਿੱਚ ਪੜ੍ਹਦੇ ਸ਼ਾਸਤਰੀ ਗਾਇਨ ਵਾਲੇ ਕੁੱਝ ਬੱਚਿਆਂ ਨੂੰ ਮੈਂ ਮਿਲਿਆ ਤੇ ਪੁੱਛਿਆ, "ਜਦੋਂ ਮੈਂ ਤੁਹਾਡੇ ਜਿੱਡਾ ਸਾਂ, ਦਿਲ ਕਰਦਾ ਸੀ ਲੇਖਕ ਬਣਾਂ। ਇਵੇਂ ਤੁਹਾਡੇ ਕੁੱਝ ਜਮਾਤੀ ਬੱਚੇ ਚਿੱਤਰਕਾਰੀ ਸਿੱਖ ਰਹੇ ਹਨ। ਤੁਸੀਂ ਸੰਗੀਤ ਸਿੱਖਣ ਦੀ ਗੱਲ ਕਿਉਂ ਸੋਚੀ"? ਇੱਕ ਨੇ ਕਿਹਾ, "ਲੇਖਕ ਅਤੇ ਚਿੱਤਰਕਾਰ, ਜੇ ਚਾਹੁਣ ਤਾਂ ਆਪਣੇ ਹੁਨਰ ਦੀ ਸਹਾਇਤਾ ਨਾਲ ਕਿਸੇ ਦਾ ਦਿਲ ਦੁਖਾ ਸਕਦੇ ਹਨ, ਮਜ਼ਾਕ ਉਡਾ ਸਕਦੇ ਹਨ, ਝੂਠ ਬੋਲ ਸਕਦੇ ਹਨ। ਸਾਜ਼ ਅਜਿਹਾ ਨਹੀਂ ਕਰਦੇ। ਸੰਗੀਤਕਾਰ ਜੇ ਚਾਹੇ ਤਾਂ ਵੀ ਨਹੀਂ। ਕੋਈ ਸਾਜ਼ਿੰਦਾ ਵੱਡਾ ਹੈ ਕੋਈ ਛੋਟਾ... ਠੀਕ, ਪਰ ਸੰਗੀਤ ਸੱਟ ਨਹੀਂ ਮਾਰਦਾ, ਹੱਤਕ ਨਹੀਂ ਕਰਦਾ, ਝੂਠ ਨਹੀਂ ਬੋਲਦਾ। ਇਹ ਸਭ ਨੂੰ ਪਿਆਰੀਆਂ ਤਸੱਲੀਆਂ ਦਿੰਦਾ ਹੈ।".

ਮੈਂ ਕਲਾਸਰੂਮ ਵਿੱਚ ਸੰਗੀਤ ਅਧਿਆਪਕ ਨੂੰ ਕਿਹਾ- "ਅੱਜ ਕੱਲ੍ਹ ਬੱਚੇ ਤਕੜੇ ਗੱਪੀ ਹੋ ਗਏ ਹਨ। ਨੰਬਰ ਵੱਧ ਲੈਣ ਦੀ ਲਾਲਸਾ ਨਾਲ ਸੰਗੀਤ ਪੜ੍ਹਦੇ ਹਨ ਪਰ ਗੱਲਾਂ ਵੱਡੀਆਂ ਵੱਡੀਆਂ ਸੁਣਾਉਂਦੇ ਹਨ।" ਅਧਿਆਪਕ ਨੇ ਕਿਹਾ- "ਜਿਸ ਬੱਚੇ ਨਾਲ ਤੁਸੀਂ ਗੱਲ ਕੀਤੀ ਉਹ ਵਿਗਿਆਨ ਦਾ ਵਿਦਿਆਰਥੀ ਹੈ ਅਤੇ ਉਸਨੇ ਫੈਸਲਾ ਕੀਤਾ ਹੋਇਆ ਹੈ ਕਿ ਸੰਗੀਤ ਨੂੰ ਕਦੀ ਸਲੇਬਸ ਦੇ ਵਿਸ਼ੇ ਵਜੋਂ ਨਹੀਂ ਲਵੇਗਾ।"

ਮਹਾਨ ਸੰਗੀਤਵਾਦਕ ਉਸਤਾਦ ਨਾਰਾਇਣ ਜੀ ਦੀ ਇੰਟਰਵਿਊ ਪੜ੍ਹੀ। ਸਾਰੰਗੀ ਦੇ ਸ਼ੌਕ ਬਾਰੇ ਪੁੱਛਣ ਤੇ ਉਨ੍ਹਾਂ ਕਿਹਾ- "ਆਦਮੀ ਨੂੰ ਹੰਕਾਰ ਹੋ ਗਿਆ ਸੀ ਕਿ ਉਸਦੀ ਆਵਾਜ਼ ਤੋਂ ਮਧੁਰ ਹੋਰ ਕੋਈ ਆਵਾਜ਼ ਨਹੀਂ। ਮੈਂ ਚਾਹਿਆ ਕਿ ਲੱਕੜ ਦੀ ਨਿੱਕੀ ਜਿਹੀ ਇੱਕ ਨਿਰਜਿੰਦ ਸੰਦੂਕੜੀ ਆਦਮੀ ਦਾ ਹੰਕਾਰ ਤੋੜੇ। ਅਜਿਹਾ ਕਰਨ ਲਈ ਇੱਕ ਜਨਮ ਤਾਂ ਲੇਖੇ ਲੱਗ ਗਿਆ ਪਰ ਸੰਤੋਖ ਮਿਲਿਆ।" ਪਾਠਕ, ਨਾਰਾਇਣ ਜੀ ਦੀ ਕੈਸਟ ਖਰੀਦ ਕੇ ਜਦੋਂ ਭੈਰਵੀ ਵਿੱਚ ਸਾਰੰਗੀ ਧੁਨਾਂ ਸੁਣਨਗੇ ਤਾਂ ਮੰਨ ਜਾਣਗੇ ਕਿ ਕਈ ਜਨਮਾਂ ਦਾ ਕੰਮ ਇੱਕ ਜਨਮ ਵਿੱਚ ਨਿਬੇੜ ਲਿਆ ਗਿਆ ਹੈ।

ਗੱਲ ਭਾਈ ਮਰਦਾਨਾ ਜੀ ਬਾਰੇ ਕਰਨੀ ਸੀ ਪਰ ਹੋਰ ਗੱਲਾਂ ਇਧਰੋਂ ਉਧਰੋਂ ਉੱਡ ਕੇ ਵਿਚਕਾਰ ਆ ਗਈਆਂ। ਇਵੇਂ ਹੀ ਹੋਣਾ ਸੀ। ਉਨ੍ਹਾਂ ਬਾਰੇ ਅਚਾਨਕ ਗੱਲ ਸ਼ੁਰੂ ਨਹੀਂ ਹੋ ਸਕਦੀ। ਇਉਂ ਕਰਨਾ ਬੇ-ਅਦਬੀ ਹੋਵੇਗੀ। ਪਹਿਲਾਂ ਕਲਮ ਸੁਰ ਤਾਂ ਕਰ ਲਈਏ।

ਭਾਈ ਗੁਰਦਾਸ ਜੀ ਨੇ ਸਹੀ ਲਿਖਿਆ ਕਿ ਬਾਬਿਆਂ ਨੇ ਧਰਤੀ ਸੋਧਣ ਹਿੱਤ ਚੜ੍ਹਾਈ ਕੀਤੀ। ਉਨ੍ਹਾਂ ਦੀ ਇੱਛਾ ਸੀ ਕਿ ਧਰਤੀ ਦੇ ਟੋਏ ਟਿੱਬੇ ਪੱਧਰ ਕਰਕੇ ਇਸ ਨੂੰ ਸੁਹਣੀ ਬਣਾਈਏ। ਇਸ ਮਕਸਦ ਲਈ ਹਲ ਸੁਹਾਗੇ ਦੀ ਥਾਂ ਬਾਣੀ ਅਤੇ ਰਬਾਬ ਦੀ ਵਰਤੋਂ ਕੀਤੀ।

ਭਾਈ ਮਰਦਾਨਾ ਜੀ ਬਾਰੇ ਲਿਖਣ ਲਈ ਸਾਰੀਆਂ ਜਨਮ-ਸਾਖੀਆਂ ਦਾ ਦੁਬਾਰਾ ਪਾਠ ਕੀਤਾ। ਜਨਮ ਸਾਖੀਕਾਰਾਂ ਨੇ ਵੱਖ-ਵੱਖ ਤਰੀਕਿਆਂ ਨਾਲ ਇਸ ਫ਼ਕੀਰ ਦੇ ਅੰਦਰ ਦੀ ਝਾਤ ਪੁਆਈ ਹੈ। ਦੋਹਾਂ ਦੀ ਆਪਸੀ ਪ੍ਰੀਤ ਅਤੇ ਦੋਹਾਂ ਦੀ ਲੋਕਾਂ ਨਾਲ ਪ੍ਰੀਤ ਦੇ ਭੇਦ, ਸਾਖੀਕਾਰ ਬਿਨਾਂ ਕਿਸੇ ਖਾਸ ਤਰੱਦਦ ਦੇ, ਸਹਿਜ ਸੁਭਾਅ ਖੋਲ੍ਹਦਾ ਜਾਂਦਾ ਹੈ।

ਗੁਰੂ ਬਾਬਾ ਜੀ ਜਦੋਂ ਕਦੀ ਬੰਦਗੀ ਕਰਦਿਆਂ ਸਮਾਧੀ ਵਿੱਚ ਲੀਨ ਹੋ ਜਾਂਦੇ ਤਾਂ ਭਾਈ ਮਰਦਾਨਾ ਵੀਹ-ਪੱਚੀ ਕਦਮ ਦੂਰ ਰਹਿੰਦੇ ਪਰ ਲਗਾਤਾਰ ਚੌਕਸ ਰਹਿੰਦੇ ਕਿ ਬਾਬੇ ਦੀ ਸਮਾਧੀ ਵਿੱਚ ਕੋਈ ਵਿਘਨ ਨਾ ਪਵੇ। ਕਿਸੇ ਨੂੰ ਨੇੜੇ ਨਾ ਜਾਣ ਦਿੰਦੇ। ਪਰ ਜਦੋਂ ਬਾਬਾ ਜੀ ਗਾਉਣ ਲਗਦੇ ਤਾਂ ਰਬਾਬ ਲੈ ਕੇ ਇੰਨਾ ਨੇੜੇ ਆ ਕੇ ਬੈਠਦੇ ਕਿ ਗੋਡਾ ਬਾਬੇ ਦੇ ਗੋਡੇ ਨਾਲ ਜੁੜਿਆ ਹੁੰਦਾ। ਉਨ੍ਹਾਂ ਦੀਆਂ ਸੁਰਾਂ ਨਾਲ ਰਲਕੇ ਕੁਦਰਤ ਗਾਉਣ ਲਗਦੀ। ਨਾਥਾਂ, ਜੋਗੀਆਂ, ਬ੍ਰਾਹਮਣਾਂ, ਕਾਜ਼ੀਆਂ, ਮੌਲਵੀਆਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਜਦੋਂ ਗਿਆਨ ਦੀ ਹਨੇਰੀ ਵਗਦੀ ਤਾਂ ਬਾਬਾ ਜੀ ਆਖਦੇ- "ਮਰਦਾਨਿਆਂ ਰਬਾਬ ਉਠਾਇ। ਬਾਣੀ ਆਈ ਹੈ।" ਕੀਰਤਨ ਦੀ ਬਾਰਸ਼ ਹੁੰਦੀ ਤਾਂ ਸਾਰੀ ਗਰਦ ਗੁਬਾਰ

ਧੁਲ ਜਾਂਦੀ ਤੇ ਆਕਾਸ਼ ਨਿੰਮਲ ਹੋ ਜਾਂਦਾ। ਹਿੰਦੂ ਆਖਦੇ- "ਇਨ੍ਹਾਂ ਵਿੱਚ ਬ੍ਰਹਮ ਦਾ ਸੰਪੂਰਣ ਪ੍ਰਕਾਸ਼ ਹੈ। ਪ੍ਰਤੱਖ ਤਾਂ ਦਿਸ ਰਹਿਆ ਹੈ।" ਕਾਮਲ ਫ਼ਕੀਰਾਂ ਨਾਲ ਮੇਲ ਹੁੰਦਾ ਤਾਂ ਉਹ ਕਹਿੰਦੇ, "ਸਲਾਮਾਲੇਕੰ ਨਾਨਕ ਫ਼ਕੀਰ, ਸਾਹਿਬ ਦੇ ਰਸੀਦ। ਤੂੰ ਵੱਡਾ ਬਜ਼ੁਰਗਵਾਰ ਹੈਂ। ਸਾਨੂੰ ਭੀ ਅਜਿਹੀ ਦੁਆ ਦੇਹ ਕਿ ਸਾਡੀ ਭੀ ਸਾਹਿਬ ਨਾਲ ਉਵੇਂ ਬਣ ਆਏ ਜਿਵੇਂ ਤੇਰੇ ਨਾਲ ਬਣ ਆਈ ਹੈ।" ਕੋਈ ਹੋਰ ਆਉਂਦਾ ਤਾਂ ਆਖਦਾ, "ਇਹ ਤਾਂ ਪੂਰੇ ਮਰਦ ਹਨ। ਭਲੇ ਹਨ ਕੋਈ। ਖ਼ੁਦਾਇ ਦੇ ਸਾਦਿਕ ਹਨ ਵੱਡੇ।"

ਉਮਰ ਵਿੱਚ ਭਾਈ ਮਰਦਾਨਾ ਜੀ ਬਾਬੇ ਤੋਂ ਦਸ ਸਾਲ ਵੱਡੇ ਸਨ। ਪਿੰਡ ਵਿੱਚ ਬਚਪਨ ਤੋਂ ਦੋਹਾਂ ਨੂੰ ਅਕਸਰ ਇਕੱਠਿਆਂ ਦੇਖਿਆ ਜਾਂਦਾ। ਪਿਤਾ, ਮਾਤਾ ਜਾਂ ਭੈਣ ਨਾਨਕੀ ਨੇ ਜਦੋਂ ਗੁਰੂ ਸਾਹਿਬ ਨੂੰ ਦੁਨੀਆਂਦਾਰੀ ਦੀ ਕੋਈ ਗੱਲ ਸਮਝਾਉਣੀ ਹੁੰਦੀ ਤਾਂ ਉਹ ਭਾਈ ਮਰਦਾਨਾ ਜੀ ਨੂੰ ਬੁਲਾ ਕੇ ਆਖਦੇ ਕਿ ਉਨ੍ਹਾਂ ਨੂੰ ਇਉਂ ਮਨਾਉ। ਭਾਈ ਸਾਹਿਬ ਚਲੇ ਤਾਂ ਜਾਂਦੇ ਪਰ ਬਾਬੇ ਨੂੰ ਸਮਝਾਉਣ ਦੀ ਥਾਂ ਉਨ੍ਹਾਂ ਤੋਂ ਆਪ ਹੀ ਸਮਝ ਕੇ ਆ ਜਾਂਦੇ। ਇਹ ਗੱਲਾਂ ਪੜ੍ਹਦਿਆਂ ਪੜ੍ਹਦਿਆਂ ਮੈਂ ਸੋਚਦਾ ਕਿ ਮਰਦਾਨਾ ਜੀ ਦੀ ਗੱਲ ਜਦੋਂ ਉਹ ਮੰਨਦੇ ਨਹੀਂ ਸਨ, ਫਿਰ ਵੀ ਪਰਿਵਾਰ ਦੇ ਜੀਅ ਭਾਈ ਸਾਹਿਬ ਨੂੰ ਹੀ ਕਿਉਂ ਦੁਬਾਰਾ ਭੇਜਦੇ? ਫਿਰ ਪਤਾ ਲੱਗਿਆ ਕਿ ਬਾਬਾ ਜੀ ਭਾਈ ਮਰਦਾਨਾ ਜੀ ਦੀ ਗੱਲ ਘੱਟੋ ਘੱਟ ਸੁਣ ਤਾਂ ਲੈਂਦੇ ਸਨ। ਹੋਰਾਂ ਦੀਆਂ ਨਸੀਹਤਾਂ ਤਾਂ ਉਹ ਸੁਣਨ ਲਈ ਵੀ ਤਿਆਰ ਨਹੀਂ ਸਨ।

ਬਾਬਾ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਨੌਕਰੀ ਕਰਨ ਚਲੇ ਗਏ। ਮਹੀਨੇ ਲੰਘ ਗਏ ਤਾਂ ਮਾਪਿਆਂ ਨੇ ਭਾਈ ਮਰਦਾਨਾ ਜੀ ਨੂੰ ਉਨ੍ਹਾਂ ਦੀ ਖ਼ਬਰ ਸਾਰ ਲੈਣ ਲਈ ਭੇਜਿਆ। ਕਿਹਾ- ਇੱਕ ਵਾਰ ਆ ਕੇ ਮਿਲ ਜਾਣ। ਭਾਈ ਸਾਹਿਬ ਤੁਰ ਪਏ। ਸੁਲਤਾਨਪੁਰ ਪੁੱਜੇ। ਖ਼ੈਰ ਸੁੱਖ ਪੁੱਛੀ, ਦੱਸੀ ਤੇ ਕਿਹਾ, "ਮਾਂ ਤੇ ਪਿਤਾ ਯਾਦ ਕਰਦੇ ਹਨ। ਪਰਿਵਾਰ ਨੂੰ ਮਿਲ ਆਓ।" ਬਾਬੇ ਨੇ ਕਿਹਾ ਚੰਗਾ ਹੋਇਆ ਭਾਈ ਜੀ ਤੁਸੀਂ ਆ ਗਏ। ਮੇਰਾ ਪਰਿਵਾਰ ਬੜਾ ਵੱਡਾ ਹੈ। ਦੂਰ ਦੂਰ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਸਗੋਂ ਤੁਸੀਂ ਨਾਲ ਚਲੋ। ਇਕੱਠੇ ਚੱਲਾਂਗੇ ਤਾਂ ਖਰੀ ਖ਼ੁਸ਼ੀ ਮਿਲੇਗੀ।"

ਭਾਈ ਮਰਦਾਨਾ ਜੀ ਨੇ ਕਿਹਾ- "ਪਰ ਖਾਵਾਂਗੇ ਉੱਥੇ ਕੀ? ਖਰਚਾਂਗੇ ਕੀ?"

ਬਾਬੇ ਨੇ ਕਿਹਾ- "ਜੋ ਤੁਸਾਂ ਪਾਸ ਹੈ, ਉਹ ਧਨ ਦੌਲਤ ਹੋਰ ਕਿਸੇ ਪਾਸ ਨਹੀਂ ਹੈ। ਤੁਹਾਡੇ ਸਦਕਾ ਕਈਆਂ ਹੋਰਨਾਂ ਨੂੰ ਰਿਜ਼ਕ ਮਿਲੇਗਾ।" ਪਰ ਭਾਈ ਮਰਦਾਨਾ ਚੁੱਪ ਕਰ ਰਹੇ। ਫਿਰ ਇੱਕ ਦਿਨ ਬਾਬੇ ਨੇ ਕਿਹਾ, "ਮਰਦਾਨਿਆਂ ਰਬਾਬ ਖ਼ਰੀਦ। ਆਪਣੇ ਪਾਸ ਪੈਸੇ ਨਹੀਂ! ਬੇਬੇ ਨਾਨਕੀ ਜੀ ਪਾਸ ਜਾਹ। ਸਵਾਲੀ ਬਣਨਾ ਚੰਗਾ ਤਾਂ ਨਹੀਂ ਪਰ ਕੀ ਕਰੀਏ। ਜ਼ਰੂਰਤ ਸਵਾਲ ਕਰਾਂਵਦੀ ਹੈ।" ਭਾਈ ਮਰਦਾਨਾ ਜੀ ਬੀਬੀ ਪਾਸ ਗਏ ਤੇ ਕਿਹਾ, "ਬੇਬੇ ਇੱਕ ਅਰਜ਼ ਗੁਜ਼ਾਰਨੀ ਹੈ। ਸਾਨੂੰ ਰਬਾਬ ਲੈ ਦਿਉ।" ਬੀਬੀ ਨੇ ਕਿਹਾ- "ਇੱਕ ਕਿਉਂ ਭਾਈ ਜੀ। ਸੌ ਰਬਾਬ ਤੁਸਾਂ ਤੋਂ ਵਾਰਾਂ। ਪਰ ਨਾਨਕ ਨੂੰ ਕਹੋ ਇੱਕ ਵਾਰ ਮੂੰਹ ਤਾਂ ਦਿਖਾਏ ਆ ਕੇ। ਆਂਵਦਾ ਹੀ ਨਹੀਂ।"

ਇਹ ਗੱਲ ਭਾਈ ਸਾਹਿਬ ਨੇ ਬਾਬੇ ਨੂੰ ਦੱਸੀ ਤਾਂ ਬਾਬਾ ਜੀ ਬੋਲੇ- "ਕੀ ਕਰੀਏ ਭਾਈ। ਅਸਾਥੋਂ ਬੇਬੇ ਨਾਨਕੀ ਦਾ ਆਖਾ ਫੇਰਿਆ (ਮੋੜਿਆ) ਨਹੀਂ ਜਾਂਦਾ। ਉਹ ਕਈਆਂ ਜਨਮਾਂ ਤੋਂ ਸਾਡੀ ਭੈਣ ਆਹੀ। ਚੱਲੋ ਚੱਲੀਏ।"

ਘਰ ਪੁੱਜੇ। ਬੀਬੀ ਖ਼ੁਸ਼ ਹੋ ਕੇ ਬੋਲੀ- "ਭਾਈ ਫੁਰਮਾਇਸ਼ਾਂ ਕਰੋ। ਸੋ ਨਿਸੰਗ ਕਰੋ। ਪਰ ਸਾਡੇ ਪਾਸ ਰਹਾਵੋ।" ਬਾਬੇ ਨੇ ਕਿਹਾ- "ਤੁਸਾਂ ਦੇ ਪਾਸ ਆਹੇ। ਜਿਤ ਵੇਲੇ ਯਾਦ ਕਰੋ ਤਿਤੈ ਹਾਜ਼ਰ ਆਹੇ।"

ਬੀਬੀ ਨੇ ਭਾਈ ਮਰਦਾਨਾ ਜੀ ਨੂੰ ਪੈਸੇ ਫੜਾਉਂਦਿਆਂ ਕਿਹਾ- "ਭਾਈ ਜੀ, ਸਰਫ਼ਾ ਨਹੀਂ ਕਰਨਾ। ਜੇਹੀ ਖੁਸੀ ਆਵੈ ਤੇਹੀ ਰਬਾਬ ਲੈਣੀ।" ਭਾਈ ਮਰਦਾਨਾ ਜੀ ਕਈ ਦਿਨ ਰਬਾਬ ਦੀ ਤਲਾਸ਼ ਕਰਦੇ ਇਧਰ ਉਧਰ ਫਿਰਦੇ ਰਹੇ ਪਰ ਉਨ੍ਹਾਂ ਨੂੰ ਆਪਣੀ ਪਸੰਦ ਦੀ ਰਬਾਬ ਨਹੀਂ ਮਿਲੀ। ਬਾਬੇ ਪਾਸ ਆਏ ਤਾਂ ਗੁਰੂ ਜੀ ਨੇ ਕਿਹਾ- "ਭਾਈ ਜੀ ਦੁੰਹ ਨਦੀਆਂ ਦੇ ਵਿਚਕਾਰ ਜੱਟਾਂ ਦਾ ਇੱਕ ਪਿੰਡ ਹੈ ਤਿਸਦਾ ਨਾਮ ਹੈ ਆਸ਼ਕਪੁਰ। ਉਸ ਪਿੰਡ ਇੱਕ ਰਬਾਬੀ ਰਹਿੰਦਾ ਹੈ। ਫਿਰੰਦਾ ਹੈ ਤਿਸ ਦਾ ਨਾਮ ਫੇਰੂ ਭੀ ਕਹਿੰਦੇ ਹਨ। ਉੱਥੇ ਜਾਇਕੈ ਸਾਡਾ ਨਾਮ ਲਵੀਂ।"

ਭਾਈ ਮਰਦਾਨਾ ਜੀ ਨੇ ਆਸ਼ਕਪੁਰ ਪਿੰਡ ਲੱਭ ਲਿਆ ਤੇ ਫਿਰੰਦੇ ਨੂੰ ਘਰ ਮਿਲਿਆ। ਰਬਾਬ ਦਾ ਸਵਾਲ ਪਾਇਆ ਤਾਂ ਫਿਰੰਦਾ ਬੋਲਿਆ- "ਅਜੇ ਤਿਆਰ ਨਹੀਂ।" ਭਾਈ ਮਰਦਾਨਾ ਜੀ ਨੇ ਇਸ਼ਾਰਾ ਕਰਕੇ ਕਿਹਾ- "ਅਹੁ ਪਈ ਤਾਂ ਹੈ ਭਾਈ ਜੀ।" ਫਿਰੰਦਾ ਬੋਲਿਆ- "ਉਹ ਨਹੀਂ ਦੇ ਸਕਦਾ। ਉਹ ਤੁਸਾਂ ਦੇ ਕੰਮ ਦੀ ਨਹੀਂ। ਇੱਕ ਫ਼ਕੀਰ ਦਾ ਨਾਮ ਨਾਨਕ ਹੈ। ਸੁਣਿਆ ਹੈ ਇਹ ਨਾਮ ਕਦੀ? ਬੜੀ ਮੁਸ਼ੱਕਤ ਨਾਲ ਇਹ ਰਬਾਬ ਤਿਸ ਲਈ ਬਣਾਈ ਹੈ?"

ਭਾਈ ਮਰਦਾਨਾ ਜੀ ਬੋਲੇ- "ਕਿੰਨੇ ਕੁ ਦੀ ਹੋਵੇਗੀ ਇਹ ਰਬਾਬ ਭਾਈ?"

ਭਾਈ ਫਿਰੰਦਾ ਨੇ ਕਿਹਾ- "ਦੀਦਾਰ। ਇਸ ਦੀ ਕੀਮਤ ਤਿਸ ਦੇ ਦੀਦਾਰ ਜਿੰਨੀ ਹੈ। ਕਦੇ ਮੇਲ ਨਸੀਬ ਹੋਵੇ, ਤਿਨ੍ਹਾਂ ਦੇ ਚਰਨਾ ਵਿੱਚ ਰੱਖਾਂ।"

ਭਾਈ ਮਰਦਾਨਾ ਜੀ ਨੇ ਪੁੱਛਿਆ- "ਜੀ ਇੱਕ ਵਾਰ ਵਜਾ ਕੇ ਭੀ ਦੇਖਾਂ?"

ਭਾਈ ਫਿਰੰਦੇ ਕਹਿਆ- "ਨਾਂਹ ਭਾਈ। ਛੁਹਣੀ ਭੀ ਨਹੀਂ। ਕਿਸੇ ਹੋਰ ਅਗੇ ਨਹੀਂ ਵਜਾਵਣੀ ਇਹ। ਠਾਣ ਰੱਖੀ ਹੈ ਦਿਲ ਵਿੱਚ ਅਸਾਂ। ਹੋਵੇਗਾ ਮੇਲਾ ਕਦੀ ਸਾਡਾ ਭੀ।"

ਤਦ ਭਾਈ ਮਰਦਾਨਾ ਜੀ ਨੇ ਆਪਣੇ ਬਾਬਤ ਦੱਸਿਆ। ਫਿਰੰਦਾ ਖੁਸ਼ ਹੋ ਕੇ ਕਹਿਣ ਲੱਗਾ- "ਫਿਰ ਬੈਠਣਾ ਕਾਸ ਲਈ? ਸਾਨੂੰ ਝਬਦੇ ਤਿਨ੍ਹਾਂ ਪਾਸ ਲੈ ਚੱਲ।"

ਦੋਵੇਂ ਬਾਬਾ ਜੀ ਪਾਸ ਆਏ। ਪ੍ਰਸੰਨ ਚਿੱਤ ਹੋ, ਬਾਬੇ ਨੇ ਭਾਈ ਜੀ ਨੂੰ ਰਬਾਬ ਵਜਾਉਣ ਲਈ ਕਿਹਾ। ਭਾਈ ਸਾਹਿਬ ਨੇ ਕਿਹਾ- "ਜੀ ਥਾਟ ਬਣਾ ਲਵਾਂ।" ਬਾਬੇ ਕਿਹਾ- "ਆਪੇ ਬਣਦੇ ਰਹਿਣਗੇ ਥਾਟ। ਸ਼ੁਰੂ ਤਾਂ ਕਰੋ।" ਮਰਦਾਨੇ ਨੇ ਅੱਲਾਹ ਦਾ ਨਾਮ ਲੈ ਕੇ ਰਬਾਬ ਦਾ ਵਾਦਨ ਸ਼ੁਰੂ ਕੀਤਾ ਤਾਂ ਹਾਜ਼ਰ ਸਭ ਲੋਕਾਂ ਉਪਰ ਵਿਸਮਾਦ ਤਾਰੀ ਹੋਇਆ। ਬਾਬਾ ਜੀ ਨੇ ਪ੍ਰਸੰਨ ਹੋ ਕੇ ਭਾਈ ਮਰਦਾਨਾ ਜੀ ਨੂੰ ਅਸੀਸ ਦਿੱਤੀ- "ਤੁਸਾਂ ਨੂੰ ਤਾਰ ਦਾ ਗੁਣ ਬਖਸ਼ਿਆ। ਇਹ ਅੱਗੇ ਵੇਚਣਾ ਨਾਹੀਂ। ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਅੰਮ੍ਰਿਤ ਵੇਲੇ ਉਠ ਕੇ ਬੰਦਗੀ ਕਰਨੀ ਤੇ ਦਰ ਆਏ ਸਵਾਲੀ ਨੂੰ ਨਿਰਾਸ ਨਹੀਂ ਮੋੜਨਾ।"

ਅਗਲੇ ਦਿਨ ਬਾਬੇ ਨੇ ਭਾਈ ਮਰਦਾਨਾ ਜੀ ਨੂੰ ਪ੍ਰਦੇਸ ਚੱਲਣ ਲਈ ਕਿਹਾ ਤਾਂ ਉਹ ਪਿਛਲਿਆਂ ਦਾ ਫ਼ਿਕਰ ਮੁੜ ਕਰਨ ਲੱਗੇ। ਬਾਬੇ ਕਹਿਆ- "ਠੀਕ ਹੈ ਭਾਈ ਜੀ। ਤਲਵੰਡੀ ਵਿੱਚ ਖੁਸ਼ੀਆਂ ਹਨ। ਮੌਜਾਂ ਹਨ। ਸਾਡੇ ਪਾਸ ਨੰਗ ਭੁੱਖ ਹਾਈ। ਜਾਓ ਭਾਈ। ਤੁਸੀਂ ਤਲਵੰਡੀ ਜਾਉ। ਬੇਬੇ ਨੂੰ ਦੱਸ ਜਾਵਣਾ।"

ਭਾਈ ਮਰਦਾਨਾ ਬੀਬੀ ਨਾਨਕੀ ਜੀ ਦੇ ਘਰ ਗਏ। ਦੱਸਿਆ ਕਿ ਬਾਬਾ ਦੂਰ ਦੇਸੀਂ ਚੱਲਿਆ ਹੈ ਤੇ ਵਰ੍ਹਿਆਂ ਬਾਦ ਪਰਤੇਗਾ। ਫਿਰ ਦੱਸਿਆ ਕਿ ਮੈਂ ਵਾਪਸ ਤਲਵੰਡੀ ਚੱਲਿਆ ਹਾਂ। ਬੀਬੀ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀਆਂ ਧਾਰਾਂ ਵਗ ਪਈਆਂ। ਉਨ੍ਹਾਂ ਦਾ ਆਪਣੇ ਆਪ ਉਪਰ ਕਾਬੂ ਨਾ ਰਿਹਾ। ਥੋੜੀ ਦੇਰ ਬਾਦ ਉਨ੍ਹਾਂ ਦੇ ਪਤੀ ਭਾਈ ਜੈਰਾਮ ਜੀ ਆ ਗਏ। ਇਸ ਪ੍ਰਕਾਰ ਦੀ ਅਵੱਸਥਾ ਦੇਖ ਕੇ ਬੋਲੇ- "ਏਹ ਕੀ ਹੋਇਆ ਜੀ ਨਾਨਕੀ ਜੀ? ਅਸੀਂ ਭਟਕਦੇ, ਤੁਸੀਂ ਸਾਨੂੰ ਉਪਦੇਸਦੇ। ਹੁਣ ਤੁਸੀਂ ਜੁ ਡੋਲੇ ਹੋ ਤਾਂ ਸਾਡਾ ਕੀ ਬਣੇ? ਇੰਜ ਨਾ ਕਰੋ ਜੀ।"

ਬੀਬੀ ਨੇ ਆਖਿਆ- "ਭਾਈ ਮਰਦਾਨਾ ਉਨ੍ਹਾਂ ਦੇ ਨਾਲ ਹੁੰਦੇ ਸਾਨੂੰ ਫਿਕਰ ਕਦੀ ਰਾਈ ਦਾ ਨਾਂਹ ਸੀ। ਹੁਣ ਦਿਲ ਨਹੀਂ ਥੰਮਦਾ।"

ਭਾਈ ਜੈ ਰਾਮ ਕਹਿਣ ਲੱਗੇ- "ਭਾਈ ਮਰਦਾਨਾ ਨਾਲ ਜਾਣਗੇ। ਭਾਈ ਜੀ ਤੁਸੀਂ ਨਾਲ ਰਹੋ ਜੀ। ਤੁਸਾਂ ਦਾ ਜੋੜ ਵਿਛੜਨਾ ਸੋਭਦਾ ਨਹੀਂ। ਪਿੱਛੇ ਦਾ ਫਿਕਰ ਨਾਂਹ ਕਰਨਾ। ਤੁਸਾਂ ਦੇ ਬਾਲ ਸਾਡੇ ਬਾਲ ਬੱਚੇ ਹੋਏ। ਸਿਰੀ ਚੰਦ ਭੀ ਤਾਂ ਅਸਾਂ ਆਪਣੇ ਪਾਸ ਰੱਖ ਲਿਆ ਹੈ। ਤਲਵੰਡੀ ਅਸੀਂ ਜਾਵਾਂਗੇ। ਤੁਸਾਂ ਨਾਨਕ ਨਾਲ ਜਾਵਣਾ।"

ਭਾਈ ਮਰਦਾਨਾ ਜੀ ਮੰਨ ਗਏ। ਰਬਾਬ ਉਠਾਈ ਤੇ ਬਾਬਾ ਜੀ ਪਾਸ ਪਿੰਡੋਂ ਬਾਹਰ ਜਾ ਪੁੱਜੇ। ਕਹਿਆ- "ਮੈਂ ਤੁਸਾਂ ਦੇ ਨਾਲ ਚੱਲਾਂਗਾ ਬਾਬਾ।" ਗੁਰੂ ਜੀ ਨੂੰ ਬੜੀ ਖੁਸ਼ੀ ਹੋਈ। ਤੁਰਨ ਤੋਂ ਪਹਿਲਾਂ ਭਾਈ ਮਰਦਾਨਾ ਜੀ ਕਹਿਣ ਲੱਗੇ- "ਬੇਬੇ ਨੂੰ ਮਿਲਕੇ ਫੇਰ ਚੱਲਣਾ ਹੈ।" ਬਾਬੇ ਨੇ ਕਿਹਾ- "ਤੇਰਾ ਆਖਾ ਮੋੜਨਾ ਨਹੀਂ ਭਾਈ। ਤੇਰੇ ਤੱਕ ਸਾਨੂੰ ਵੱਡਾ ਕੰਮ ਹੈ।"

ਘਰ ਪੁੱਜੇ ਤਾਂ ਝੁਕ ਕੇ ਬੀਬੀ ਨੇ ਬਾਬੇ ਦੇ ਚਰਨੀ ਹੱਥ ਲਾਉਣੇ ਚਾਹੇ। ਦੁਹਾਂ ਹੱਥਾਂ ਵਿੱਚ ਬਾਬੇ ਨੇ ਬੀਬੀ ਦਾ ਮੱਥਾ ਥੰਮ੍ਹ ਲਿਆ। ਕਹਿਣ ਲੱਗੇ- "ਮੈਂ ਏਸ ਕਰਕੇ ਤੁਸਾਂ ਦੇ ਪਾਸ ਆਂਵਦਾਂ ਹਾਂ ਜੁ ਮੱਥਾਂ ਟਿਕਾਵਾਂ? ਬੇਬੇ ਤੂੰ ਮੈਥਊਂ ਵੱਡੀ ਹੈਂ ਅਤੇ ਪਰਮੇਸਰ ਦੀ ਪਿਆਰੀ ਭੀ। ਤੇਰਾ ਮੇਰਾ ਸਬੰਧ ਜੁੱਗਾਂ ਦਾ ਹੈ। ਹੁੰਦਾ ਆਇਆ ਹੈ। ਤੂੰ ਜੋ ਪੈਰਾਂ ਵੱਲ ਦੇਖਦੀ ਹੈਂ ਤਾਂ ਸਾਨੂੰ ਵੱਡਾ ਅਉਗਣ ਲਗਦਾ ਹੈ।"

ਬੀਬੀ ਨੇ ਕਿਹਾ- "ਭਲਾ ਹੈ ਭਾਈ। ਜਿਉਂ ਤੁਸੀਂ ਰਾਜੀ ਤਿਉਂ ਅਸੀਂ ਰਾਜੀ। ਪਰ ਸੱਚ ਇਹ ਹੈ ਜੁ ਮੈਂ ਤੁਸਾਂ ਨੂੰ ਭਰਾਉ ਨਹੀਂ ਜਾਣਦੀ। ਪਰਮੇਸਰ ਕਰ ਕੇ ਜਾਣਦੀ ਹਾਂ। ਭਾਈ ਮਰਦਾਨੇ ਨੂੰ ਸਫ਼ਰ ਵਾਸਤੇ ਪੈਸੇ ਅਸਾਂ ਆਪ ਦਿੱਤੇ

ਸਨ। ਖੁਸ਼ੀ ਨਾਲ। ਇਹ ਮੋੜੇ ਕਿਉਂ ਹਨ?"

ਬਾਬੇ ਨੇ ਕਿਹਾ-."ਤੂੰ ਪਰਮੇਸਰ ਕੀ ਭਗਤਣੀ ਹੈ ਅਰ ਸਾਡੇ ਤੋਂ ਵੱਡੀ। ਵੱਡਿਆਂ ਦਾ ਆਖਾ ਪਰਮੇਸਰ ਸੁਣਦਾ ਹੈ ਅਰ ਮੰਨਦਾ ਹੈ। ਪੈਸੇ ਨਾ ਦਿਉ। ਅਸਾਂ ਨੂੰ ਆਪਣੇ ਮੁਖਉਂ ਕਰਤਾਰ ਪਾਸ ਸਉਂਪ ਛੋਡਉ। ਜਾਣਾ ਹੈ ਅਸਾਂ। ਆਪ ਭੇਜਉ।"

ਬੀਬੀ ਨੇ ਆਖਿਆ- "ਏਥੈ ਸਉ ਤਾਂ ਧੀਰਜ ਸਾਈ। ਖਰਾ ਧਰਵਾਸ ਸਾਈ। ਮਿਲ ਜਾਇਆ ਕਰੋਗੇ, ਉਦਾਸ ਨਾ ਹੋਵਾਂਗੀ। ਅਰਿ ਜੇ ਤੂੰ ਦੇਰ ਕਰੇਂਗਾ ਭਾਈ ਤਾਂ ਹਉਂ ਖਰੀ ਓਦਰ ਜਾਵਾਂਗੀ। ਪਰ ਸਾਡਾ ਵਸ ਕਿਆ ਹੈ। ਸੋ ਹੋਵੇਗਾ ਜੋ ਤੁਸਾਂ ਨੂੰ ਭਾਵੈਗਾ। ਭਾਈ ਜੀ ਤੁਸਾਡੀ ਹੀ ਰਜਾਇ ਚਲੈਗੀ। ਸਾਡਾ ਕਿਆ ਜੋਰ।"

ਪਹਿਲੋਂ ਬਾਬੇ ਨੇ ਫਿਰ ਭਾਈ ਮਰਦਾਨਾ ਨੇ ਬੀਬੀ ਦੇ ਚਰਨ ਛੁਹੇ। ਸੇਜਲ ਅੱਖਾਂ ਨਾਲ ਵਿਦਾ ਕਰਦਿਆਂ ਬੀਬੀ ਨੇ ਕੇਵਲ ਏਨਾ ਆਖਿਆ- "ਪਰਮੇਸਰ ਰੱਖੇ।" ਫੇਰ ਦੋਵੇਂ ਤੇਜ਼ ਕਦਮੀਂ ਸੁਲਤਾਨਪੁਰ ਦੀ ਜੂਹ ਵਿੱਚੋਂ ਨਿਕਲ ਗਏ।

ਤੁਰਦਿਆਂ ਤੁਰਦਿਆਂ ਬੜੇ ਦੇਸ ਦੇਖੇ। ਕਦੀ ਜੰਗਲ ਆ ਗਏ ਹਨ, ਕਦੀ ਪਹਾੜ, ਕਦੀ ਦਰਿਆ ਕਦੀ ਰੇਗਿਸਤਾਨ। ਇੱਕ ਥਾਂ ਭਾਈ ਮਰਦਾਨਾ ਜੀ ਨੂੰ ਪਿਆਸ ਲੱਗੀ। ਕਹਿਣ ਲੱਗੇ- "ਬਾਬਾ ਤੁਰਿਆ ਨਹੀਂ ਜਾਂਦਾ ਹੋਰ। ਹੁਣ ਪਾਣੀ ਪਿਲਾ। ਕਿਧਰ ਹੈ ਪਾਣੀ?" ਬਾਬੇ ਨੇ ਕਿਹਾ- "ਇਨ੍ਹਾਂ ਦੇਸਾਂ ਵਿੱਚ ਅਸੀਂ ਕਿਹੜਾ ਕਈ ਬਾਰ ਆਏ ਹਾਂ? ਸਾਨੂੰ ਭੀ ਪਾਣੀ ਦਾ ਕੀ ਪਤਾ ਲਗੇ?" ਤਦ ਭਾਈ ਸਾਹਿਬ ਬੋਲੇ- "ਜੀ ਤਾਂ ਭੀ ਤੁਸੀਂ ਹੀ ਦੱਸੋਗੇ। ਅਸਾਂ ਨਿਮਾਣਿਆਂ ਦਾ ਆਸਰਾ ਤੁਸੀਂ ਹੀ ਹੋ ਜੀ।" ਬਾਬੇ ਨੇ ਕਿਹਾ- "ਅਹੁ ਦੇਖ ਮਰਦਾਨਿਆ। ਗਿੱਦੜਾਂ ਦੀ ਡਾਰ ਜਾਂਵਦੀ ਦੇਖ। ਜੀਭਾਂ ਬਾਹਰ ਹਨ। ਪਿਆਸੇ ਹਨ। ਇਨ੍ਹਾਂ ਨੂੰ ਪਤਾ ਹੈ ਜੁ ਪਾਣੀ ਕਿਥੇ ਹੈ। ਤਿਨ੍ਹਾਂ ਦੇ ਪਿਛੇ ਪਿਛੇ ਚੱਲੀਏ।" ਇਵੇਂ ਹੀ ਹੋਇਆ। ਕੁਝ ਦੂਰੀ ਤੇ ਤਲਾਬ ਉੱਪਰ ਪੁੱਜ ਗਏ। ਪਾਣੀ ਪੀਤਾ ਤੇ ਇਸ਼ਨਾਨ ਕੀਤਾ।

ਥੱਕਦੇ, ਭੁੱਖ ਤਰੇਹ ਲਗਦੀ ਤਾਂ ਭਾਈ ਮਰਦਾਨਾ ਬਾਬੇ ਅੱਗੇ ਇਸ ਪ੍ਰਕਾਰ ਅਰਜ਼ ਕਰਦੇ, "ਬਾਬਾ ਤੂੰ ਅਤੀਤ ਪੁਰਖ ਹੈਂ। ਨਾ ਤੈਨੂੰ ਭੁੱਖ ਸਤਾਏ ਨਾ ਤਰੇਹ। ਨਾ ਨੀਂਦ ਨਾ ਥਕਾਣ। ਮੈਂ ਸਾਦਾ ਬੰਦਾ ਹਾਂ ਬਾਬਾ। ਕਿਰਪਾਲੂ ਹੋਹ, ਜਾਂ ਮੈਨੂੰ ਆਪਣੇ ਜਿਹਾ ਅਤੀਤ ਕਰ। ਜੇ ਅਜਿਹਾ ਕਰਨਾ ਨਹੀਂ ਭਾਂਵਦਾ ਤਾਂ ਕੁਝ ਖਾਣ ਪੀਣ ਨੂੰ ਦੇਹ।" ਬਾਬਾ ਆਖਦਾ- "ਭਲਾ ਮੰਗਿਆ ਈ ਮਰਦਾਨਿਆਂ, ਭਲਾ ਮੰਗਿਆ ਈ। ਲੋਕ ਵਸਤਾਂ ਮੰਗਦੇ ਹਨ ਤੇ ਤੂੰ ਸੰਤੋਖ ਮੰਗਦਾ ਹੈਂ।"

ਇੱਕ ਵਾਰ ਤਾਂ ਭਾਈ ਮਰਦਾਨਾ ਭੁੱਖ ਨਾਲ ਡਾਹਢੇ ਆਤੁਰ ਹੋ ਗਏ। ਕਹਿਣ ਲੱਗੇ- "ਬਸ ਬਾਬਾ ਹੋਰ ਨਹੀਂ ਤੁਰਿਆ ਜਾਂਦਾ ਅਸਾਂ ਥੋਂ। ਏਸ ਦਰਖਤ ਹੇਠ ਬੈਠ ਗਿਆ ਹਾਂ। ਖਾਣ ਨੂੰ ਕੁਝ ਮਿਲੇ ਤਾਂ ਤੁਰਾਂ। ਨਹੀਂ ਬੈਠਾ ਹਾਂ।" ਬਾਬਾ ਕਿਸੇ ਪਾਸਲੀ ਆਬਾਦੀ ਵੱਲ ਨਿਕਲ ਗਿਆ ਤੇ ਖਾਣ ਲਈ ਦੋਹਾਂ ਹੱਥਾਂ ਵਿੱਚ ਕੁਝ ਲਿਆਂਦਾ। ਭਾਈ ਮਰਦਾਨਾ ਜੀ ਨੇ ਆਪਣੇ ਦੋਵੇਂ ਹੱਥ ਅੱਗੇ ਫੈਲਾਏ ਤਾਂ ਬਾਬੇ ਨੇ ਕਿਹਾ- "ਭਾਈ ਜੀ ਇਸੇ ਤਰ੍ਹਾਂ ਖਾਵੋ। ਸਾਡੇ ਹੱਥਾਂ ਵਿੱਚ ਹੀ ਛਕੋ। ਸਾਨੂੰ ਅਜਿਹਾ ਹੀ ਭਲਾ ਲਗਦਾ ਹੈ।" ਸਾਹਮਣੇ ਬੈਠ ਕੇ ਭਾਈ ਸਾਹਿਬ ਨੇ ਬਾਬੇ ਦੇ ਹੱਥਾਂ ਵਿੱਚੋਂ ਖਾਣਾ ਖਾ ਕੇ ਕਿਹਾ- "ਬੜਾ ਆਨੰਦ ਆਇਆ ਹੈ ਬਾਬਾ। ਏਨਾ ਸੁਆਦੀ ਭੋਜਨ ਕਦੇ ਨਹੀਂ ਖਾਧਾ।" ਬਾਬੇ ਨੇ ਕਿਹਾ- "ਉੱਥੇ ਤਾਂ ਹੋਰ ਇਸ ਤੋਂ ਭੀ ਸਵਾਦਲੇ ਅਨੇਕ ਪਕਵਾਨ ਪਏ ਸਨ। ਪਰ ਤੁਸੀਂ ਵਧੀਕ ਵਿਆਕੁਲ ਹੋ ਗਏ। ਸੋ ਮੈਂ ਝਬਦੇ ਹੀ ਜੋ ਸਾਹਮਣੇ ਦਿਸਿਆ, ਚੁਕਿਆ ਤੇ ਤਟਫਟ ਲੈ ਆਇਆ। ਧੀਰਜ ਰੱਖਦੇ ਹੋਰ ਭੀ ਸੁਆਦਲੇ ਪਕਵਾਨ ਲੈ ਆਉਂਦਾ।"

ਸਿੱਖ ਇਤਿਹਾਸ ਵਿੱਚ ਤਿੰਨ ਖੁਸ਼ਕਿਸਮਤ ਵਿਅਕਤੀ ਹਨ ਜਿਨ੍ਹਾਂ ਨਾਲ ਗੁਰੂ ਬਾਬੇ ਦੀ ਸਾਂਝ ਹੋਰਾਂ ਤੋਂ ਬਿਲਕੁਲ ਵਖਰੀ ਤਰ੍ਹਾਂ ਦੀ ਸੀ। ਇੱਕ ਰਾਇ ਬੁਲਾਰ ਖਾਨ ਸਾਹਿਬ, ਦੂਜੇ ਬੀਬੀ ਨਾਨਕੀ ਤੇ ਤੀਜੇ ਭਾਈ ਮਰਦਾਨਾ ਜੀ। ਹਜ਼ਾਰਾ ਮੀਲ ਪ੍ਰਦੇਸੀ ਬੈਠੇ ਬਾਬਾ ਜੀ ਅਚਾਨਕ ਆਖ ਦਿੰਦੇ- "ਭਾਈ ਜੀ, ਰਾਇ ਜੀ ਸਾਡੇ ਦੀਦਾਰ ਕਊ ਡਾਹਢੇ ਵਿਆਕੁਲ ਹਨ। ਸਾਡੀ ਗਰਦਣ ਉਪਰ ਤਿੰਨ੍ਹਾਂ ਦੀ ਮੁਹੱਬਤ ਦਾ ਭਾਰ ਵਧ ਗਿਆ ਹੈ। ਇਹ ਭਾਰ ਉਤਾਰਨ ਲਈ ਵਾਪਸ ਤਲਵੰਡੀ ਜਾਣਾ ਪਵੇਗਾ।" ਫਿਰ ਕਦੀ ਕਿਸੇ ਹੋਰ ਉਦਾਸੀ ਸਮੇਂ ਆਖਦੇ- "ਭਾਈ ਮਰਦਾਨਾ ਜੀ, ਅੱਜ ਬੇਬੇ ਧੀਰ ਨਹੀਂ ਧਰਦੀ। ਸਾਨੂੰ ਮਿਲਣ ਦੀ ਤਾਂਘ ਵਿੱਚ ਬੈਠੀ ਵੈਰਾਗਣ ਹੋ ਰਹੀ ਹੈ। ਚਲੋ ਚਲੀਏ ਭਾਈ ਜੀ। ਸੁਲਤਾਨਪੁਰ ਚੱਲੀਏ।" ਯਾਤਰਾ ਅਧੂਰੀ ਛੱਡ ਵਿੱਚੋਂ ਦੀ ਬੀਬੀ ਨੂੰ ਮਿਲ ਜਾਂਦੇ ਤੇ ਫਿਰ ਵਾਪਸ ਪਰਦੇਸ ਨੂੰ ਚੱਲ ਪੈਂਦੇ। ਬੀਬੀ ਕੁਝ ਦਿਨ ਰੁਕਣ ਲਈ ਆਖਦੀ ਤਾਂ ਕਹਿੰਦੇ- "ਅਜੇ ਅਸੀਂ ਸਫ਼ਰ ਵਿੱਚ ਹਾਂ ਬੇਬੇ। ਤੂੰ ਰਸਤੇ ਵਿੱਚ ਆ ਖਲੋਈ ਸੀ। ਅਜੇ ਸਫ਼ਰ ਖ਼ਤਮ ਨਹੀਂ ਹੋਇਆ। ਸਾਡੇ ਰਾਹਵਾਂ ਵਿੱਚ ਵਧੀਕ ਨਾ ਖਲੋਇਆ ਕਰ।" ਇਹ ਆਖ

ਕੇ ਮੱਥਾ ਟੇਕਦੇ ਤੇ ਫਿਰ ਤੁਰ ਪੈਂਦੇ।

ਤੀਜੇ ਖੁਸ਼ਨਸੀਬ ਮਹਾਂਪੁਰਖ ਭਾਈ ਮਰਦਾਨਾ ਜੀ ਹਨ ਜਿਨ੍ਹਾਂ ਨੇ 47 ਸਾਲ ਬਾਬੇ ਦਾ ਸਾਥ ਲਗਾਤਾਰ ਨਿਭਾਇਆ। ਸਿੱਖ ਦੇ ਮਨ ਵਿੱਚ ਗੁਰੂ ਬਾਬੇ ਦੀ ਇਕੱਲਿਆਂ ਦੀ ਤਸਵੀਰ ਕਦੀ ਨਹੀਂ ਆਉਂਦੀ। ਆ ਹੀ ਨਹੀਂ ਸਕਦੀ। ਰਬਾਬ ਮੋਢੇ ਤੇ ਲਟਕਾਈ ਉਹ ਅਨੰਤ ਦੇ ਸਫ਼ਰ ਵਿੱਚ ਸਾਥ ਹਨ ਹਮੇਸ਼।

ਸਾਖੀਆਂ ਵਿੱਚ ਕਦੀ ਰੌਚਕ ਦ੍ਰਿਸ਼ ਤਾਂ ਅਤਿ ਉੱਤਮ ਸਾਹਿਤ ਦੇ ਨਮੂਨੇ ਹਨ। ਉਹ ਗਰਮ ਅਤੇ ਖੁਸ਼ਕ ਮਾਰੂਥਲ ਵਿੱਚੋਂ ਦੀ ਲੰਘ ਰਹੇ ਹਨ। ਪੈਂਡਾ ਮੁੱਕਣ ਵਿੱਚ ਨਹੀਂ ਆ ਰਿਹਾ। ਸਾਖੀਕਾਰ ਲਿਖਦਾ ਹੈ- ਉਪਰ ਤਾਰੇ... ਹੇਠਾਂ ਰੇਤ। ਹੋਰ ਕਿਤੇ ਕੁਝ ਨਹੀਂ ਦਿਸਦਾ। ਨਾ ਪਸ਼ੂ, ਨਾ ਪੰਖੀ, ਨਾ ਘਾਹ ਨਾ ਰੁੱਖ। ਭਾਈ ਮਰਦਾਨਾ ਅਧੀਰ ਹੋ ਕੇ ਆਖਦੇ ਹਨ, "ਬਾਬਾ ਕਿਤੇ ਕੁੱਛ ਨਦਰਿ ਨਹੀਂ ਆਵਦਾਂ। ਜੇ ਦੇਸ ਦਾ ਕਿਤੇ ਕੁੱਤਾ ਭੀ ਮਿਲੈ, ਤਿਸਦੇ ਹਉਂ ਗਲ ਲਗ ਕੇ ਰੋਵਾਂ।" ਬਾਬਾ ਜੀ ਆਖਦੇ- "ਇਨ੍ਹਾਂ ਮਾਰੂਥਲਾਂ ਵਿੱਚ ਤਦ ਆਏ ਹਾਂ ਭਾਈ ਜੁ ਨਾ ਕੋਈ ਕੁੱਤਾ ਦੇਖੈ ਨਾ ਭਉਂਕੈ।" ਫਿਰ ਭਾਈ ਮਰਦਾਨਾ ਆਖਦੇ- "ਲਗਦਾ ਹੈ ਬਾਬਾ ਇੱਥੇ ਤਾਂ ਗੋਰੋਂ ਖੱਫਣੋਂ ਭੀ ਗਏ (ਨਾ ਖੱਫਣ ਮਿਲੇਗਾ ਨਾ ਕਬਰ ਬਣੇਗੀ)" ਫਿਰ ਬਾਬਾ ਹੌਸਲਾ ਦਿੰਦਾ ਤੇ ਅਗਲੀ ਵਾਟ ਫੜਦੇ। ਕਈ ਮਹੀਨਿਆਂ ਦੇ ਸਫਰ ਪਿੱਛੋਂ ਆਬਾਦੀ ਆਈ। ਲੋਕਾਂ ਨੂੰ ਦੇਖ ਦੇ ਭਾਈ ਜੀ ਨੇ ਕਿਹਾ- "ਬਾਬਾ ਕਿਸ ਦੇਸ ਆ ਗਏ ਹਾਂ? ਇਨ੍ਹਾਂ ਲੋਕਾਂ ਨੂੰ ਨਾ ਸਾਡੀ ਬੋਲੀ ਦੀ ਸਮਝ। ਨਾ ਸਾਨੂੰ ਇਨ੍ਹਾਂ ਦੀ ਬੋਲੀ ਦੀ ਸਮਝ। ਕਉਣ ਦੇਸ ਹੈ ਇਹ?" ਬਾਬੇ ਨੇ ਦੱਸਿਆ- "ਇਹ ਸਉਰਾਸਟਰ ਆ ਗਿਆ ਹੈ ਭਾਈ। ਇਥੋਂ ਦੇ ਲੋਕਾਂ ਨੂੰ ਤੁਸਾਂ ਦੀ ਬੋਲੀ ਸਮਝ ਆਂਵਦੀ ਹੈ। ਸੋਰਠ ਰਾਗ ਇਸੇ ਦੇਸ ਦਾ ਰਾਗ ਹੈ। ਲਿਆ ਮਰਦਾਨਿਆਂ, ਰਬਾਬ ਉਠਾ। ਸੋਰਠ ਛੇੜ। ਇਨ੍ਹਾਂ ਦੀ ਬੋਲੀ ਵਿੱਚ ਗੱਲਾਂ ਕਰੀਏ। ਸਮਝੀਏ ਤੇ ਸਮਝਾਈਏ। ਸੋਰਠ ਗਾ।"

ਸਾਖੀਕਾਰ ਨੇ ਇੱਕ ਸ਼ਬਦ 'ਸਾਜਸ਼' ਵਰਤਿਆ ਹੈ। ਰੱਬ ਦੇ ਪ੍ਰਸੰਗ ਵਿੱਚ ਇਸ ਦੀ ਵਰਤੋਂ ਅਸਲੋਂ ਨਵੀਂ ਹੈ। ਲਿਖਿਆ ਹੈ, "ਗੁਰੂ ਬਾਬਾ ਬਿਸਮਾਦਿ ਹੋਇ ਗਇਆ ਪਰਮੇਸ਼ਰ ਦੀ ਸਾਜਸ ਦੇਖ ਕਰਿ। ਪਰਮੇਸ਼ਰ ਬੁਲਾਇ ਕਰ ਦਰਸਨੁ ਦੀਆ। ਕਹਿਆ- "ਹੇ ਨਾਨਕ ਤੂ ਕਿਉਂ ਕਰਿ ਬਿਸਮਾਦਿ ਹੋਇ ਰਹਿਆ ਹੈ?" ਬਾਬੇ ਨਮਸਕਾਰ ਕਰਿ ਕਹਿਆ, "ਐ ਸਿਰਜਣਹਾਰ! ਜੀ ਮੈਂ ਤੇਰੀ ਸਾਜਸ ਦੇਖ ਕਰਿ ਹੈਰਾਨ ਹੋਇ ਗਇਆ ਹਾਂ।" ਪਰਵਰਦਗਾਰ ਹੱਸ ਕਰ ਕਹਿਆ- "ਐ ਨਾਨਕ ਜੇਹੀ ਸਾਜਸ ਦੇਖੀ ਤੈਸੀ ਕਹੁ।" ਤਬ ਬਾਬੇ ਬਸੰਤ ਹਿੰਡੋਲ ਗਾਇਆ। ਬਸੰਤ ਰੁੱਤ ਵਿੱਚ ਵਧੀਕ ਸਾਜਸ਼ਾਂ ਹੋਈਆਂ ਹਨ।

ਦੋਹਾਂ ਬਾਬਿਆਂ ਵਿਚਕਾਰ ਕਦੀ ਕਦੀ ਇੱਕ ਦਮ ਨਿੱਜਤਵ ਵਾਲੀਆਂ, ਮਿੱਤਰਾਂ ਦੀ ਸਾਂਝ ਵਾਲੀਆਂ ਗੱਲਾਂ ਹੁੰਦੀਆਂ। ਬੈਠਿਆਂ ਬੈਠਿਆਂ ਬਿਨਾ ਕਿਸੇ ਖਾਸ ਵਜਾਹ ਦੇ ਭਾਈ ਸਾਹਿਬ ਨੇ ਇੱਕ ਦਿਨ ਬਾਬੇ ਦੇ ਚਰਨ ਛੂਹੇ ਤਾਂ ਬਾਬਾ ਜੀ ਨੇ ਕਿਹਾ- "ਐ ਮਰਦਾਨਿਆਂ ਤੂੰ ਅੱਜ ਕਿਉਂ ਪੈਰੀਂ ਪਵਦਾ ਹੈ?" ਭਾਈ ਸਾਹਿਬ ਨੇ ਕਿਹਾ- "ਜੀ ਤੂੰ ਜਗਤ ਦਾ ਕਰਤਾ। ਤੂੰ ਪਰਮੇਸਰ ਹੈਂ। ਤੇਰੀ ਕੀਮਤ ਤੂਹੈ ਜਾਣਹਿ। ਤੂੰ ਹੈਂ ਸਿ ਪਰਮੇਸਰ ਹੈ।"

ਤਾਂ ਬਾਬੇ ਕਹਿਆ- "ਮਰਦਾਨਿਆਂ ਹਉਂ ਤੈਂਡੇ ਪਿੰਡ ਤਲਵੰਡੀ ਕੇ ਬੇਦੀਆਂ ਕਾ ਨਾਨਕ ਹਾਂ। ਭੁਲੇਖਾ ਨਾਂਹ ਖਾਹ। ਉਹੀ ਹਾਂ। ਹੋਰ ਕਿਛੁ ਨਹੀਂ।" ਤਦ ਮਰਦਾਨੇ ਗਾਇਆ,

*"ਸਹੀ ਤਾਂ ਨਾਨਕ ਕਾਲੁਆਣ ਜਿਨਿ ਸਿਰੀ ਫੁਨਿ ਤਿਸਹੀ ਗੋਈ। ਜੇ ਤੁਧੁ ਜੇਵਡ ਪਰਮੇਸਰ ਹੋਇ ਤਾਂ ਹੋਈ।"*

ਬਾਬੇ ਕਹਿਆ- "ਮਰਦਾਨਿਆਂ, ਕਰ੍ਤਾਰ ਦਾ ਨਾਉਂ ਲਇ। ਏਦੂੰ ਅੱਗੇ ਹੋਰ ਨਹੀਂ ਆਖਣਾ। ਬਸ ਭਾਈ ਅਗੈ ਨਾਹੀਂ ਚਲਾਵਣਾ ਅੱਖਰ ਕੋਈ।"

ਲੰਮੇ ਪੈਂਡੇ... ਦੂਰ ਦੇ ਦੇਸ... ਲੰਮਾ ਸਮਾਂ ਬੀਤਿਆ। ਭਾਈ ਸਾਹਿਬ ਦਾ ਬਿਰਧ ਸਰੀਰ ਕਮਜ਼ੋਰ ਹੋ ਗਿਆ। ਅਫ਼ਗਾਨਿਸਤਾਨ ਦੀ ਸਰਹੱਦ ਨਾਲ ਵਗਦੇ ਕੁੱਰਮ ਦਰਿਆ ਕਿਨਾਰੇ ਉਹ ਰਹਿ ਗਏ ਤਾਂ ਸਹਾਰਾ ਦੇ ਕੇ ਬਾਬਾ ਜੀ ਉਨ੍ਹਾਂ ਨੂੰ ਰੁੱਖ ਹੇਠ ਲੈ ਗਏ ਲਿਟਾ ਦਿੱਤੇ। ਉਨ੍ਹਾਂ ਦਾ ਸਿਰ ਆਪਣੀ ਗੋਦ ਵਿੱਚ ਰੱਖ ਲਿਆ ਅਤੇ ਕਿਹਾ- "ਭਾਈ ਜੀ, ਹੁਣ ਉਹ ਘੜੀ ਆਉਣ ਵਾਲੀ ਹੈ ਜਦੋਂ ਤੁਸਾਂ ਸਾਡੇ ਪਾਸੋਂ ਚਲੇ ਜਾਣਾ ਹੈ। ਇਹ ਦੱਸੋ ਜੁ ਦਫ਼ਨਾਈਏ ਕਿ ਅਗਨੀ ਭੇਟ ਕਰੀਏ?" ਭਾਈ ਸਾਹਿਬ ਚੁੱਪ ਰਹੇ। ਫਿਰ ਬਾਬਾ ਜੀ ਬੋਲੇ- "ਤੁਸੀਂ ਲੰਮੀ ਸਾਡੀ ਸੰਗਤ ਕੀਤੀ। ਕੋਈ ਯਾਦਗਾਰ ਬਣਾ ਦੇਈਏ?" ਭਾਈ ਸਾਹਿਬ ਖ਼ਾਮੋਸ਼ ਰਹੇ। ਫਿਰ ਬਾਬੇ ਨੇ ਪੁੱਛਿਆ- "ਯਾਦਗਾਰ ਹੇਤੁ ਮਸਜਿਦ ਉਸਾਰੀਏ

ਕਿ ਧਰਮਸਾਲ?"

ਭਾਈ ਮਰਦਾਨਾ ਜੀ ਨੇ ਸਹਿਜੇ ਅੱਖਾਂ ਖੋਹਲੀਆਂ। ਕਿਹਾ- "ਹੱਡ ਮਾਸ ਦੀ ਕੈਦ ਵਿੱਚੋਂ ਕੱਢ ਕੇ ਇੱਟਾਂ ਚੂਨੇ ਦੀ ਕੈਦ ਵਿੱਚ ਕਿਵੇਂ ਪਾ ਸਕਦਾ ਹੈਂ ਬਾਬਾ? ਇਹ ਨਾ ਕਰਨਾ ਜੀ।"

ਫਿਰ ਬਾਬਾ ਜੀ ਨੇ ਕਿਹਾ- "ਤਾਂ ਭੀ। ਭਾਈ ਜੀ ਕੁਛ ਮੰਗੋ। ਖਾਲੀ ਨਹੀਂ ਭੇਜਾਂਗੇ।

ਭਾਈ ਮਰਦਾਨਾ ਜੀ ਬੋਲੇ- "ਤੂੰ ਖੁਦਾਇ ਦਾ ਡੂੰਮ। ਮੈਂ ਤੇਰਾ ਡੂੰਮ। ਤੈਂ ਖੁਦਾਇ ਦਾ ਡੂੰਮ। ਮੈਂ ਤੇਰਾ ਡੂੰਮ। ਤੈਂ ਖੁਦਾਇ ਦੇਖਿਆ ਹੈ। ਤੈਂ ਖੁਦਾਇ ਪਾਇਆ ਹੈ। ਤੇਰਾ ਕਿਹਾ ਖੁਦਾਈ ਮੰਨਦੀ ਹੈ। ਮੈਂ ਤੈਨੂੰ ਦੇਖਿਆ ਹੈ। ਮੈਂ ਤੈਨੂੰ ਪਾਇਆ ਹੈ। ਤੁਧ ਆਗੈ ਸਾਡੀ ਬੇਨਤੀ ਹੈ ਅੱਜ ਇੱਕ। ਸਾਨੂੰ ਵਿਛੋੜਨਾ ਨਾਹੀਂ ਆਪਣੇ ਨਾਲਹੁੰ। ਨਾ ਏਥੈ। ਨਾ ਉਥੈ।"

ਬਾਬੇ ਕਹਿਆ- "ਮਰਦਾਨਿਆਂ ਤੁਧ ਉਪਰ ਸਾਡੀ ਖੁਸ਼ੀ ਹੈ। ਜਿਥੈ ਤੇਰਾ ਵਾਸਾ ਤਿਥੈ ਮੇਰਾ ਵਾਸਾ।" ਤਦ ਇਹ ਕਾਮਲ ਫ਼ਕੀਰ ਧਰਤੀ ਉਪਰੋਂ ਰੁਖ਼ਸਤ ਹੋਇਆ।

ਗੁਰੂ ਮਹਾਰਾਜ ਜੀ ਨੇ ਆਪਣੇ ਮੋਢਿਆਂ ਤੋਂ ਚਾਦਰ ਉਤਾਰ ਕੇ ਭਾਈ ਸਾਹਿਬ ਦੇ ਸਰੀਰ ਉੱਪਰ ਪਾਈ ਅਤੇ ਆਪਣੇ ਹੱਥੀਂ ਅੰਤਮ ਰਸਮਾਂ ਨਿਭਾਈਆਂ। ਰਬਾਬ ਮੋਢੇ ਉੱਪਰ ਲਟਕਾ ਕੇ ਯਾਤਰਾ ਵਿਚਕਾਰ ਛੱਡ ਕੇ ਫਿਰ ਉਹ ਵਾਪਸ ਤਲਵੰਡੀ ਪਿੰਡ ਵਲ ਚੱਲ ਪਏ।

ਪਿੰਡ ਸਭ ਨੂੰ ਪਤਾ ਲੱਗ ਗਿਆ ਕਿ ਬਾਬਾ ਨਗਰ ਵਿੱਚ ਪਰਤ ਆਇਆ ਹੈ। ਨਗਰ ਨਿਵਾਸੀ ਮਿਲਣ ਆਏ। ਭਾਈ ਮਰਦਾਨਾ ਜੀ ਦਾ ਬੇਟਾ ਸ਼ਾਹਜ਼ਾਦ ਆਇਆ। ਬਾਬੇ ਦੇ ਚਰਨੀਂ ਹੱਥ ਲਾਏ ਤੇ ਬੈਠ ਗਿਆ। ਫਿਰ ਥੋੜੀ ਦੇਰ ਪਿੱਛੋਂ ਬਾਬਾ ਜੀ ਦੇ ਨਜ਼ਦੀਕ ਆਇਆ। ਪੁੱਛਿਆ- "ਅੱਬਾ ਕਿੱਥੇ ਹਨ ਬਾਬਾ। ਅੱਬਾ ਕਿਵੇਂ ਹਨ।" ਬਾਬਾ ਜੀ ਨੇ ਦੱਸਿਆ- "ਉਹ ਵਿਦਾਅ ਹੋ ਗਏ ਹਨ ਪੁੱਤਰ ਆਪਣੇ ਕੋਲਹੁੰ। ਆਪਣੇ ਘਰ ਚਲੇ ਗਏ ਹਨ। ਜਿਹੜੇ ਨਿੱਜ ਘਰ ਜਾਵਣ ਤਿੰਨ੍ਹਾਂ ਦਾ ਸੋਗ ਨਹੀਂ ਕਰਨਾ। ਦੇਸਾਂ ਦਾ ਪੈਂਡਾ ਮਾਰ ਕੇ ਮੈਂ ਤੁਸਾਂ ਨੂੰ ਤਿਨ੍ਹਾਂ ਦੇ ਨਾਮ ਦਾ ਸਿਰੋਪਾਉ ਦੇਣ ਲਈ ਆਇਆ ਹਾਂ। ਦੱਸੋ ਕੀ ਦੇਈਏ ਪੁੱਤਰ।"

ਸ਼ਾਹਜ਼ਾਦ ਨੇ ਕਿਹਾ- "ਕਿਛੁ ਪਤਾ ਨਾਹੀਂ ਸਾਨੂੰ ਬਾਬਾ। ਕੀ ਭਲਾ ਹੈ ਕੀ ਬੁਰਾ ਤੁਸੀਂ ਜਾਣੋ। ਸਾਨੂੰ ਪਤਾ ਨਾਹੀਂ। ਮੇਹਰਬਾਨ ਹੋਕੇ ਤਰੁੱਠੇ ਹੋ ਤਦ ਉਹੋ ਦਿਉ ਬਾਬਾ ਜੀ ਜੋ ਅੱਬੂ ਨੂੰ ਦਿੱਤਾ ਸਾਈ।"

ਬਾਬਾ ਜੀ ਉੱਠੇ। ਕਿੱਲੀ ਨਾਲ ਲਟਕਦੀ ਰਬਾਬ ਉਤਾਰ ਭਾਈ ਸ਼ਾਹਜ਼ਾਦ ਨੂੰ ਦੇ ਗਲਵਕੜੀ ਵਿੱਚ ਲੈ ਅਸੀਸਾਂ ਦੀ ਝੜੀ ਲਾ ਦਿੱਤੀ। ਫਿਰ ਦੋਵੇਂ ਬੈਠ ਗਏ। ਭਾਈ ਮਰਦਾਨਾ ਜੀ ਦੀ ਯਾਦ ਵਿੱਚ ਦੋਵਾਂ ਨੇ ਕੀਰਤਨ ਕੀਤਾ। ਇਲਾਹੀ ਕੀਰਤਨ ਦੇ ਇਸ ਵਗਦੇ ਦਰਿਆ ਵਿੱਚ ਤਲਵੰਡੀ ਪਿੰਡ ਦੇ ਵਸਨੀਕਾਂ ਨੇ ਖ਼ੂਬ ਤੀਰਥ ਇਸ਼ਨਾਨ ਕੀਤਾ।

ਜਿੰਨਾ ਸਮਾਂ ਗੁਰੂ ਬਾਬਾ ਸਰੀਰ ਦੇ ਜਾਮੇ ਵਿੱਚ ਰਹੇ, ਭਾਈ ਸ਼ਾਹਜ਼ਾਦ ਨੇ ਕਦੀ ਉਨ੍ਹਾਂ ਦਾ ਸਾਥ ਨਹੀਂ ਛੱਡਿਆ। ਸਾਖੀਕਾਰ ਸਤਿਕਾਰ ਵਜੋਂ ਉਨ੍ਹਾਂ ਨੂੰ *"ਕਰਮ ਕਾ ਬਲੀ ਸ਼ਾਹਜ਼ਾਦ। ਸਾਡਾ ਪਿਆਰਾ ਸ਼ਾਹਜ਼ਾਦ ਖਾਨ"* ਲਿਖਦਾ ਹੈ।

ਭਾਈ ਮਰਦਾਨਾ ਜੀ ਦੀ ਬੇਨਤੀ ਕਬੂਲ ਹੋਈ। ਉਹ ਵਿਛੁੜੇ ਨਹੀਂ। ਕੀਰਤਨ ਬਣ ਕੇ ਉਹ ਗੁਰੂ ਗ੍ਰੰਥ ਅਤੇ ਗੁਰੂ ਪੰਥ ਵਿੱਚ ਇਸਥਿਤ ਹੋ ਗਏ ਹਨ। ■


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ
ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ।
ਇਹ ਪੁਸਤਕ ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।
*ਤੇ ਤੁਸੀਂ ਇਸ ਪੁਸਤਕ ਦੀ ਕੀਮਤ ਕਿਸੇ ਮਜ਼ਬੂਰੀ ਕਾਰਨ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।*
*ਅਸੀਂ ਇਹ ਪੁਸਤਕ ਮੁਫਤ ਭੇਜ ਦੇਵਾਂਗੇ।*
**ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ।**

# ਆਨੰਦ – ਅੰਮ੍ਰਿਤ ਧਾਰਾ

## ਕਰਤਾਰ ਸਿੰਘ ਨੀਲਧਾਰੀ

162-ਏ, ਗਰੇਨ ਮਾਰਕੀਟ, ਚੰਡੀਗੜ੍ਹ

ਪਰਮਾਤਮਾ ਨੂੰ ਸੱਤ-ਚਿਤ-ਆਨੰਦ ਕਿਹਾ ਗਿਆ ਤੇ ਉਸਦੇ ਅੰਸ਼ ਜੀਵਾਤਮਾ ਨੂੰ ਮਨੁੱਖੀ ਰੂਪ ਵਿੱਚ ਇਸ ਆਨੰਦ ਨਾਲ ਭਾਰ ਜੋੜਨ ਦਾ ਅਵਸਰ ਆਸਤਿਕ ਮਾਨਿਅਤਾ ਨਾਲ ਮਿਲਦਾ ਹੈ। ਗੁਰਬਾਣੀ ਤੇ ਗੁਰ ਸਿੱਖ ਦੀ ਰਚਨਾ ਪਰਮਾਤਮਾ ਨੂੰ ਸਰਬਕਾਲੀ ਸਚੁ ਸਵੀਕਾਰ ਕਰਕੇ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਸਰੀ ਜੋਤ ਸ੍ਰੀ ਗੁਰੂ ਅਮਰਦਾਸ ਜੀ ਦੀ ਇੱਕ ਵਿਲੱਖਣ ਰਚਨਾ ਆਨੰਦ ਨਾਮ ਨਾਲ ਦਰਜ ਹੋਈ ਹੈ। ਏਕੰਕਾਰ ਉਮਕਾਰ (ੴ) ਦੀ ਪਰਿਭਾਸ਼ਾ ਦਾ ਮੰਗਲਾਚਰਣ ਗੁਰਪ੍ਰਸ਼ਾਦਿ ਦੇ ਪੜਾਵ ਤੇ ਖੜਾ ਕਰਕੇ ਜੀਵਾਤਮਾ ਨੂੰ ਪਰਮਾਤਮਾ ਨਾਲ ਮਿਲਨ ਦਾ ਮਾਰਗ ਨਿਰਦੇਸ਼ ਦਿੰਦਾ ਹੈ। ਆਨੰਦ (ਸਾਹਿਬ) ਨਾਮੀ ਇਹ ਬਾਣੀ ਗੁਰ ਸਿੱਖ ਦੇ ਸਤਿਗੁਰੂ ਨਾਲ ਮਿਲਨ ਦੇ ਅਨੁਭਵ (ਸ਼ਰੀਰੀ ਨਿੱਜੀ) ਤੇ ਅਨੁਭੂਤੀ (ਆਤਮਿਕ) ਦੇ ਸੰਵਾਦ ਵਿੱਚੋਂ ਅਨਹਦ ਨਾਦ ਦੇ ਸੁਰ ਗੁੰਜਾਇਮਾਨ ਕਰਦੀ ਹੈ। ਇਸ ਵਿਸ਼ਿਸ਼ਟ ਬਾਣੀ ਦੀਆਂ ਪਹਿਲੀਆਂ ਪੰਜ ਤੇ ਇੱਕ ਅਖੀਰਲੀ ਕੁਲ ਛੇ ਪਉੜੀਆਂ ਦਾ ਗਾਇਨ ਨਿੱਜੀ ਤੇ ਸੰਗਤੀ ਨਿਤਨੇਮਾਂ ਨਾਲ ਜੁੜਿਆ ਹੋਇਆ ਹੈ ਤੇ ਇਸ ਬਾਣੀ ਦੀ ਸਰਬੋਤਮ ਉਪਯੋਗਿਤਾ ਨੂੰ ਪ੍ਰਮਾਣਿਤ ਕਰਦਾ ਹੈ।

ਰਾਗ ਰਾਮਕਲੀ ਦੀ ਆਨੰਦ ਰਚਨਾ ਦਾ ਪ੍ਰਾਰੰਭ ਹੀ ਇੰਝ ਹੁੰਦਾ ਹੈ- *"ਆਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।"* ਇਸ ਅਨੰਦ ਦੇ ਰੂਪਕ ਵਿਸਤਾਰ ਨਾਲ ਦੂਜੀ ਪਉੜੀ ਵਿੱਚ ਮਨ ਨੂੰ ਹਰਿ ਸਿਮਰਨ ਲਈ ਪ੍ਰੇਰ ਕੇ ਸਮਰਪਨ ਕਰਕੇ ਹਰੀ-ਦਰ ਤੇ ਸਵੀਕਾਰ ਹੋਣ ਦੀ ਪ੍ਰੇਰਣਾ ਦਿੱਤੀ ਗਈ ਹੈ। ਤੀਜੀ ਪਉੜੀ ਵਿੱਚ ਸੱਚੇ ਪ੍ਰਭੂ ਨੂੰ ਬੇਨਤੀ ਕੀਤੀ ਹੈ- ਸਾਚੇ ਸਾਹਿਬਾ! ਕਿਆ ਨਹੀਂ ਘਰ ਤੇਰੈ *"ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ।"* ਤੇ ਇਸ ਨਾਮ ਭਗਤੀ ਦੀ ਦਾਤ ਮੰਗੀ ਗਈ ਹੈ। ਚੌਥੀ ਪਉੜੀ ਵਿੱਚ *"ਸਾਚਾ ਨਾਮ ਮੇਰਾ ਆਧਾਰੋ"* ਨਾਲ ਸੇਵੇ ਸਮਰਪਨ ਦ੍ਰਿੜ ਕੀਤਾ ਗਿਆ ਹੈ ਤੇ ਸੁਖ ਸ਼ਾਂਤੀ ਨਾਲ ਸਾਰੀਆਂ ਕਾਮਨਾਵਾਂ ਦੀ ਪੂਰਤੀ ਦੇ ਵਿਸ਼ਵਾਸ਼ ਨਾਲ- *"ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ"*, ਕੀਤਾ ਹੈ ਕਿਉਂਕਿ ਪ੍ਰਭੂ ਆਰਾਧਨਾ ਲਈ ਨਾਮ (ਗੁਰਮੰਤ੍ਰ) ਤਾਂ ਗੁਰੂ ਨੇ ਹੀ ਦਿੱਤਾ ਹੈ। ਪੰਜਵੀਂ ਪਉੜੀ ਵਿੱਚ ਨਾਮ ਦੀ ਕਲਾ ਜਾਗਣ ਨਾਲ- *"ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ"*, ਦੀ ਅਨੁਭੂਤੀ ਨਾਲ ਪੰਜ ਵਿਕਾਰਾਂ ਦੇ ਸਮੂਲ ਨਾਸ਼ ਅਤੇ ਕਾਲ ਤੇ ਭੈ ਦੇ ਖੈ ਹੋਣ ਦਾ ਜਿਕਰ ਕੀਤਾ ਹੈ।

ਆਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਵਿੱਚ ਜੋ ਅਨੁਭਵ ਅਨੁਭੂਤੀ ਹੋਈ ਉਸਦਾ ਸਬਬ ਸਤਿਗੁਰੂ ਦਾ ਮਿਲਣਾ, ਗੁਰੂ ਮੰਝ (ਨਾਮ) ਦੀ ਪ੍ਰਾਪਤੀ, ਪੂਰਨ ਸਮਰਪਣ ਨਾਲ ਪ੍ਰਭੂ ਦੀ ਬਖ਼ਸ਼ੀਸ਼ ਨਾਲ ਹੀ-*"ਕਹੈ ਨਾਨਕ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ"*, ਵਾਲੀ ਅਵਸਥਾ ਦੀ ਪ੍ਰਾਪਤੀ ਹੋਈ। ਅਨਹਦ ਨਾਦ ਦੇ ਲੋਕ ਵਿੱਚ ਪੁਜਣਾ ਹੀ ਯੋਗੀ ਜਾਂ ਬੁੱਧ ਪੁਰਸ਼ਾਂ ਦੀ ਸਾਧਨਾ ਦਾ ਅੰਤਿਮ ਲਕਸ਼ ਕਿਹਾ ਜਾ ਸਕਦਾ ਹੈ। ਇਸ ਅਵਸਥਾ ਵਿੱਚ ਨਿੱਜੀ ਸ਼ਰੀਰ ਦੇ ਅਤੇ ਸੰਸਾਰੀ ਦੁੱਖਾਂ ਦੀ ਸੋਚ ਖਤਮ ਹੋ ਜਾਂਦੀ ਹੈ ਕਿਉਂਕਿ ਉਸ ਨਵੇਂ ਰਸ ਵਿੱਚ ਸੰਸਾਰ ਦੇ ਦੁਖ ਦੁਖ ਛਲਾਵਾ ਲਗਦੇ ਹਨ।"

ਛੇਵੀਂ ਪਉੜੀ ਵਿੱਚ ਦੇਹੀ ਦੀ ਸੀਮਾ ਦਾ ਜਿਕਰ ਕੀਤਾ ਹੈ ਕਿਉਂਕਿ ਉਪਰੋਕਤ ਬਿਦੇਹੀ ਅਵਸਥਾ ਲਈ ਮਾਨਸਿਕ ਲਿਵ (ਲਗਨਤਾ-ਏਕਾਗਰਤਾ) ਦੀ ਜ਼ਰੂਰਤ ਹੈ- *"ਸਾਚੀ ਲਿਵੈ ਬਿਨੁ ਦੇਹ ਨਿਮਾਣੀ"*, ਹੈ ਜਿਸਨੂੰ ਸ਼ਬਦ ਹੀ ਸਕਾਰਥ ਕਰ ਸਕਦਾ ਹੈ। ਸਤਵੀਂ ਪਉੜੀ ਵਿੱਚ ਉਦਘੋਸ਼ ਹੈ- *"ਆਨੰਦ ਆਨੰਦ ਸਭ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ,"* ਤੇ ਇਸ ਦੀ ਪ੍ਰਾਪਤੀ ਤਾਂ ਗੁਰੂ ਕਿਰਪਾ ਤੇ ਅਨੁਕੰਪਾਂ ਤੋਂ ਬਗੈਰ ਸੰਭਵ ਨਹੀਂ ਤੇ- *"ਗੁਰਪਰਸਾਦੀ ਮਨੁ ਭਇਆ ਨਿਰਮਲ"* ਦਾ ਅਨੁਭਵ ਅਠਵੀਂ ਪਉੜੀ ਵਿੱਚ ਦ੍ਰਿੜ ਕੀਤਾ ਗਿਆ ਹੈ। ਨਾਵੀਂ ਪਉੜੀ ਵਿੱਚ ਸਤਿ ਸੰਗੀਆਂ ਨੂੰ ਸੱਦਾ ਦਿੱਤਾ ਹੈ ਕਿ ਆਉ ਭਾਈ। ਸਤਸੰਗ ਕਰੀਏ। *"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"*, ਦੀ ਚੇਤਨਾ ਜਾਗੇਗੀ ਤਾਂ ਸੱਚੀ ਬਾਣੀ ਦੇ ਗਾਇਣ ਦਾ ਰਸ ਪ੍ਰਾਪਤ ਹੋਵੇਗਾ।

ਦੇਹੀ ਦੇ ਸੰਜਮ ਨਾਲ ਲਿਵ ਜੋੜ ਕੇ ਬਿਦੇਹੀ ਆਨੰਦ ਪ੍ਰਾਪਤੀ ਦੇ ਇਸ ਮਾਰਗ ਵਿੱਚ ਦਸਵੀਂ ਪਉੜੀ ਵਿੱਚ ਚੇਤਾਵਨੀ ਦਿੱਤੀ ਹੈ ਕਿ ਮਾਇਆ ਮੋਹ ਦੀ ਚੰਚਲਤਾ ਤੇ ਬੌਧਿਕ ਚਾਤੁਰੀ ਨਾਲ ਅਜਿਹੀ ਪ੍ਰਾਪਤੀ ਸੰਭਵ ਨਹੀਂ- *"ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ।"* ਤੇ ਗਿਆਰਵੀ ਪਉੜੀ ਵਿੱਚ ਬੋਧ ਕਰਾਇਆ ਗਿਆ ਹੈ- *"ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ"*। ਹੁਣ ਸਚੁ ਤਾਂ ਨਾਮ ਹੀ ਹੈ ਤੇ ਕੂੜ ਸੰਸਾਰ ਦਾ ਬਿਨਸਨਹਾਰ ਪਸਾਰਾ ਹੈ ਤੇ ਇਸ ਵਿਵੇਚਨਾ ਲਈ ਮਨ ਨੂੰ ਠਕੋਰਿਆ ਗਿਆ ਹੈ- *"ਸਤਿਗੁਰੂ ਕਾ ਉਪਦੇਸ਼ ਸੁਣਿ..."*।

ਬਾਰਹਵੀਂ ਪਉੜੀ ਵਿੱਚ ਸ੍ਰਿਸ਼ਟੀ ਕਰਤਾ ਦੀ ਉਪਮਾ ਵਿੱਚ ਉਸਦੀ ਅਨੰਤਤਾ ਨੂੰ ਪ੍ਰਮੁੱਖ ਰੱਖਿਆ ਹੈ- "ਅਗਮ ਅਗੋਚਰਾ ਤੇਰਾ ਅੰਤ ਨ ਪਾਇਆ", ਅਗਲੀ ਪਉੜੀ ਵਿੱਚ ਆਨੰਦ ਅਨੁਭੂਤੀ ਰੂਪੀ ਅੰਮ੍ਰਿਤ ਦੀ ਖੋਜ ਦੇ ਅਭਿਲਾਖੀਆਂ ਦਾ ਜ਼ਿਕਰ ਇੰਝ ਕੀਤਾ ਹੈ- *"ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ"* ਗੁਰੂ ਕਿਰਪਾ ਨਾਲ ਸਚੁ (ਸਤਿਨਾਮ) ਦੀ ਪ੍ਰਾਪਤੀ ਦਵਾਰਾ ਇਸ ਅੰਮ੍ਰਿਤ ਦੀ ਦਾਤ ਮਿਲਨ ਦਾ ਸਬਬ ਮਾਨਸਿਕ ਵਿਕਾਰਾਂ ਦੇ ਨਾਸ਼ ਨਾਲ ਹੀ ਸੰਭਵ ਹੁੰਦਾ ਆਇਆ ਹੈ। ਵਿਕਾਰਾਂ ਤੋਂ ਬਚੇ ਸਾਧਕ ਹੀ ਭਗਤ ਹੁੰਦੇ ਹਨ ਜੋ ਸਾਧਨਾ ਦੇ ਇਸ ਕਠੋਰ ਮਾਰਗ ਤੇ ਖੁਸ਼ੀ ਨਾਲ ਚਲਦੇ ਹਨ- *"ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ"*, ਐਸਾ ਸਫਰ ਹੈ ਭਗਤੀ ਦਾ। ਅਜਿਹੇ ਮਾਰਗ ਤੇ ਚਲਣ ਲਈ ਸਮਰਪਿਤ ਹਿਰਦਾ ਪੰਦ੍ਵਵੀਂ ਪਉੜੀ ਵਿੱਚ ਇਹੋ ਬੇਨਤੀ ਕਰਦਾ ਹੈ- *"ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ"*। ਮਾਰਗ ਤੇ ਪਾਉਣਾ ਤੇ ਫੇਰ ਚਲਾਣਾ ਉਸ ਮਾਲਕ ਦੇ ਹੱਥ ਹੀ ਹੈ। ਸੋਲਹਵੀਂ ਪਉੜੀ ਵਿੱਚ ਸਪਸ਼ਟ ਸਵੀਕਾਰ ਕੀਤਾ ਹੈ ਕਿ ਇਹ ਗੁਣਗਾਨ ਤਾਂ ਗੁਰੂ ਕਿਰਪਾ ਨਾਲ ਹੀ ਸੰਭਵ ਹੋਇਆ- *"ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ"*, ਕਿਉਂਕਿ ਉਸਨੇ ਸ਼ਬਦ (ਨਾਮ) ਦਿੱਤਾ ਜੋ ਪਰਮਾਤਮਾ ਦੀ ਉਸਤਤਿ ਦਾ ਅਖੰਡ ਅਵਲੰਬ ਬਣ ਗਿਆ। ਸਿਮਰਨ ਕਰਨ ਵਾਲਿਆਂ (ਸਤਾਰਵੀਂ ਪਉੜੀ) ਨਾਲ ਉਨ੍ਹਾਂ ਦੇ ਮਾਤਾ-ਪਿਤਾ ਦੇ ਕੁਟੰਬੀ ਵੀ ਪਵਿਤ੍ਰ ਹੋ ਗਏ- *"ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ।"*

ਕਰਮ ਕੀਤਿਆਂ ਸਹਸਾ (ਭ੍ਰਮ-ਮੋਹ) ਨਹੀਂ ਟੁਟਦਾ ਤੇ ਭ੍ਰਮ ਨਾਸ ਤੋਂ ਬਗੈਰ ਸਹਜ ਅਵਸਥਾ ਨਹੀਂ ਹੁੰਦੀ ਤੇ ਇਸ ਅਵਸਥਾ ਲਈ ਗੁਰੂ ਕਿਰਪਾ ਹੀ ਸਹਾਈ ਹੁੰਦੀ ਹੈ- *"ਕਹੈ ਨਾਨਕ ਗੁਰ ਪਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ।"* ਅਨੰਦ ਪ੍ਰਾਪਤੀ ਦੇ ਸਫਰ ਵਿੱਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਦਾ ਜਿਕਰ ਤੇ ਉਸਦਾ ਇਲਾਜ ਗੁਰੂ ਜੀ ਨੇ ਅਠਾਰਵੀਂ ਪਉੜੀ ਵਿੱਚ ਆਰੰਭਿਆ ਹੈ। ਅਗਲੀ ਪਉੜੀ ਵਿੱਚ ਸ਼ਰੀਰ ਦੀ ਸਫਾਈ ਤੇ ਮਨ ਦੀ ਮਲੀਨਤਾ ਦੇ ਪ੍ਰਸੰਗ ਵਿੱਚ ਸਚੁ (ਨਾਮ) ਦਾ ਆਸਰਾ ਛਡ ਕੇ ਸੰਸਾਰੀ ਸੁੱਖਾਂ ਦੇ ਕੂੜ ਨਾਲ- *"ਤਿਨੀ ਜਨਮੁ ਜੂਐ ਹਾਰਿਆ"*, ਦਾ ਪਰਿਣਾਮ ਸਪਸ਼ਟ ਕੀਤਾ ਹੈ। ਵੀਹਵੀਂ ਪਉੜੀ ਵਿੱਚ ਸ਼ਰੀਰ ਸ਼ੁਧੀ ਨਾਲ ਮਨ ਦੀ ਨਿਰਮਲਤਾ ਦਾ ਆਨੰਦ ਰਹਸ ਪਰਗਟ ਕੀਤਾ ਹੈ- *"ਕਹੈ ਨਾਨਕੁ ਜਿਨ ਮੰਨੁ ਨਿਰਮਲ ਸਦਾ ਰਹਹਿ ਗੁਰ ਨਾਲੇ।"* ਨਿਰਮਲ ਮਨ ਬਿਨਾ-ਸ਼ਕ ਗੁਰੂ ਦੇ ਸਨਮੁਖ ਰਹੇਗਾ ਤੇ ਇਹ ਸਨਮੁਖਤਾ ਪੂਰਨ ਸਮਰਪਨ ਨਾਲ ਹੀ ਸਕਾਰਥ ਹੁੰਦੀ ਹੈ- *"ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ"* ਇੱਕੀਵੀਂ ਪਉੜੀ ਵਿੱਚ ਸਨਮੁਖ ਦੀ ਪਰੀਭਾਸ਼ਾ ਨਾਲ ਅੱਗੇ ਬੇਮੁਖ ਦੀ ਬਦਨਸੀਬੀ ਬਿਆਨ ਕੀਤੀ ਗਈ ਹੈ- *"ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ"* ਚੌਰਾਸੀ ਦੇ ਚੱਕਰ ਵਿੱਚ ਗ੍ਰਸੇ ਬੇਮੁਖ ਨੂੰ ਮੁਕਤ ਹੋਣ ਲਈ ਗੁਰੂ ਸ਼ਰਨ ਵਿੱਚ ਆਉਣਾ ਹੀ ਪੈਣਾ ਹੈ।

ਸਨਮੁਖ ਤੇ ਬੇਮੁਖ ਦੀ ਗਤੀ ਦੇ ਅੰਤਰ ਨੂੰ ਸਪਸ਼ਟ ਕਰਕੇ ਸਤਸੰਗੀ ਸਨਮੁਖਾਂ ਨੂੰ ਗੁਰੂ ਦੀ ਸੱਚੀ ਬਾਣੀ ਗਾਉਣ ਲਈ ਪ੍ਰੇਰਿਤ ਕੀਤਾ ਗਿਆ। ਤਤਕਾਲੀਨ ਸਮੇਂ ਕੱਚੀ ਬਾਣੀ ਦੇ ਪ੍ਰਚਲਨ ਪ੍ਰਤੀ ਦਿੱਤੀ ਗਈ ਚੇਤਾਵਨੀ ਸਰਬਕਾਲੀ ਨਿਰਦੇਸ਼ ਤੇ ਮਾਰਗ ਦਰਸ਼ਕ ਆਦੇਸ਼ ਹੋ ਨਿਬੜਿਆ ਹੈ। ਨਾਮ ਸਿਮਰਨ ਨਾਲ ਗੁਰੂ ਬਾਣੀ ਦਾ ਅਭਿਆਸ ਗੁਰੂ ਦਸੇ ਗਿਆਨ ਨਾਲ ਨਿਤਨੇਮੀ ਜੋੜ ਬਖ਼ਸ਼ਦਾ ਹੈ ਪਰ ਕੱਚੀ ਬਾਣੀ ਵਿੱਚੋਂ ਅਜਿਹਾ ਆਨੰਦ ਅਸੰਭਵ ਹੈ ਕਿਉਂਕਿ, *"ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ"* ਬਾਣੀ ਦੀ ਪ੍ਰਮਾਣਿਕਤਾ ਨਾਲ ਜੁੜੀਆਂ ਦੋ ਪਉੜੀਆਂ ਦੇ ਸਫਰ ਨਾਲ ਪੰਝੀਵੀ ਪਉੜੀ ਵਿੱਚ ਇੱਕ ਵਾਰ ਫੇਰ ਨਾਮ ਉਪਮਾ ਉਜਾਗਰ ਕੀਤੀ ਗਈ ਹੈ- *"ਸਬਦ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ"* ਤੇ ਰਤਨ ਹੀਰੇ ਰੂਪੀ ਸ਼ਬਦ ਮਨ ਨਾਲ ਹੀ ਜੁੜਦਾ ਹੈ। ਅਗਲੀ ਪਉੜੀ ਵਿੱਚ ਕਰਤਾ ਤੇ ਕੁਦਰਤ ਦੀ ਸਾਂਝ ਵਿੱਚੋਂ ਨਿਰਦੇਸ਼ ਦਿੱਤਾ ਹੈ ਕਿ ਗੁਰਮੁਖ- *"ਤੋੜੇ ਬੰਧਨ ਹੋਵੈ ਮੁਕਤ ਸਬਦੁ ਮੰਨਿ ਵਸਾਏਹੈ,* ਦੇ ਢੰਗ

ਨਾਲ ਜੀਵਨ ਮੁਕਤ ਹੋ ਜਾਵੇ। ਸਤਾਈਵੀਂ ਪਉੜੀ ਵਿੱਚ ਪਾਪ ਪੁੰਨ ਦੀ ਸਮੀਖਿਆ ਕਰਨ ਵਾਲੇ ਧਰਮ ਗ੍ਰੰਥਾਂ ਦੀ ਸੀਮਾ ਦਸ ਕੇ ਗੁਰੂ ਸਨਮੁਖ ਸਿੱਖ ਨੂੰ ਸਮਝਾਇਆ ਗਿਆ ਹੈ- *"ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨਾ ਜਾਣੀ"* ਤੱਤ ਤਾਂ ਜੀਵਆਤਮਾ ਦਾ ਪਰਮਾਤਮਾ ਨਾਲ ਜੋੜ ਬਣਨ ਨਾਲ ਮਿਥਿਆ ਹੋਇਆ ਹੈ- *"ਜਿਸਨੋ ਅਨਦਿਨੁ ਹਰਿ ਲਿਵ ਲਾਗੀ ਜਾਗਤ ਰੈਣਿ ਵਿਹਾਣੀ"*, ਦੇ ਸਫਰ ਵਿੱਚ ਮੌਕੇ ਸਿਮਰਨ ਤੋਂ ਅਵੇਸਲਾ ਹੋਣਾ ਵੀ ਮਨ੍ਹਾ ਹੈ।

ਆਨੰਦ ਪ੍ਰਾਪਤੀ ਦੇ ਸਫਰ ਵਿੱਚ ਜੀਵਾਤਮਾ ਨੂੰ ਉਸਦੇ ਮਾਤ ਗਰਭ ਦੇ ਮਾਹੌਲ ਦੀ ਯਾਦ ਕਰਾਈ ਗਈ ਹੈ ਕਿ "ਮਾਤਾ ਕੇ ਉਦਰ ਮਹਿ ਪ੍ਰਤਿ ਪਾਲ ਕਰੇ *"ਸੋ ਕਿਉ ਮਨਹੁ ਵਿਸਾਰੀਐ?"* ਗਰਭ ਦੀ ਅਗਨੀ ਤੇ ਸੰਸਾਰ ਦੀ ਮਾਇਆ ਨੂੰ ਇੱਕ ਸਾਰ ਦਸਕੇ ਸਪਸ਼ਟ ਕੀਤਾ ਹੈ- *"ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿੱਚ ਮਾਇਆ ਪਾਇਆ।"* ਗੁਰੂ ਕਿਰਪਾ ਦਾ ਇਹ ਪ੍ਰਸ਼ਾਦਿ ਤੀਹਵੀ ਪਉੜੀ ਵਿੱਚ ਇੰਝ ਗੁਰੂ ਨੂੰ ਪਰੀਭਾਸ਼ਿਤ ਕਰਦਾ ਹੈ- *"ਐਸਾ ਸਤਿਗੁਰ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਏ"*। ਇੱਕ ਵਾਰ ਫੇਰ ਸਮਰਪਨ ਦਾ ਸੰਦੇਸ਼ ਦੁਹਰਾ ਕੇ ਭਗਤੀ ਮਾਰਗ ਸਪਸ਼ਟ ਕੀਤਾ ਗਿਆ ਹੈ। ਕਿਉਂਕਿ- *"ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ"* ਗੁਰੂ ਨੇ ਹੀ ਸਤਿਨਾਮ ਦੇ ਵਪਾਰ ਦੀ ਸੂਝ ਦਿੱਤੀ ਹੈ। (ਇਕੱਤੀਵੀਂ) ਸਾਹਾਂ ਨੂੰ ਸਿਮਰਨ ਲੇਖ ਲਾਉਣਾ ਹੀ ਸੱਚਾ ਵਪਾਰ ਹੈ।

ਸ਼ਰੀਰ ਦੇ ਸਮੁੱਚੇ ਕਰਮ ਤੋਂ ਬਾਦ ਸਿਮਰਨ ਲਈ ਸ਼ਰੀਰ ਅੰਗ ਰਸਨਾ (ਜਿਹਵਾ) ਨੂੰ ਸਮਝਾਇਆ ਹੈ- *"ਏ ਰਸਨਾ ਤੂੰ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ"*, ਕਿਉਂਕਿ ਹਰਿਰਸ ਤੋਂ ਬਗੈਰ ਸਾਰੇ ਰਸ ਫਿੱਕੇ ਤੇ ਬਕ ਬਕੇ ਹਨ (ਬਤੀਸਵੀਂ)। ਇੱਕ ਵਾਰੀ ਫੇਰ ਸ਼ਰੀਰ ਨੂੰ ਸਚੁ ਦਿਖਾਇਆ ਹੈ ਕਿ ਤੇਰੀ ਹੋਂਦ ਕਿਵੇਂ ਬਣੀ- *"ਹਰਿ ਜੋਤਿ ਰਖੀ ਤੁਧੁ ਵਿਚਿ ਤਾਂ ਤੂ ਜਗ ਮਹਿ ਆਇਆ"*, ਆਤਮਾ ਜਾਂ ਜੀਵਨ ਜੋਤੀ ਤੋਂ ਬਗੈਰ ਮਨੁਖ ਮੁਰਦਾ ਹੋ ਜਾਂਦਾ ਹੈ। ਇਸ ਜੀਵਨ ਜੋਤ ਨਾਲ ਹੀ ਸੰਸਾਰ ਨਾਲ ਵਾਸਤਾ ਪਿਆ ਹੈ ਕਿ ਬਿਨਸਨ ਹਾਰ ਹੈ ਇਹ ਸੰਸਾਰ ਇਹ ਸੋਝੀ ਹੋਈ। *"ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ"*, (ਤੇਤੀਸਵੀਂ) ਇਸ ਆਨੰਦ ਅੰਮ੍ਰਿਤ ਖੋਜ ਵਿੱਚ ਇੱਕ ਵਾਰੀ ਫੇਰ ਆਨੰਦ ਅਨੁਭੂਤੀ ਦਾ ਨਵਾਂ ਸਿਖਰੀ ਸੰਦੇਸ਼ ਅੰਤਰ ਆਤਮਾ ਨੇ ਸੁਣਿਆ- *"ਮਨ ਚਾਉ ਭਇਆ ਪ੍ਰਭ ਆਗਮੁ ਸੁਣਿਆ"*, ਇਹ ਅੰਤਰੀਵ ਅਨੁਭਵ ਸਾਧਕ ਨੂੰ ਇੰਝ ਮਿਲਿਆ- *"ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿਨਾਮੁ ਹਰਿ ਰਸੁ ਭੋਗੋ"* ਤੇ ਪ੍ਰਭੂ ਦਰਸ਼ਨ ਹੋ ਗਿਆ।

ਪ੍ਰਭੂ ਦਰਸ਼ਨ ਦੀ ਝਲਕ ਨਾਲ ਜਿਗਿਆਸੂ ਮਨ ਪਛਤਾਵਾ ਕਰਦਾ ਹੈ ਕਿ ਇਸ ਸਰੀਰ ਨੇ ਰਚਨਹਾਰੇ ਨੂੰ ਛਡ ਕੇ ਜਿਹੜਾ ਸਮਾਂ ਗੁਜਾਰਿਆ ਉਹ ਬਿਅਰਥ ਗਿਆ। ਇਸ ਸਥਿਤੀ ਵਿੱਚ ਵੀ ਸ਼ੁਕਰ ਹੈ- *"ਗੁਰਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ।"* ਛੱਤੀਵੀਂ ਪਉੜੀ ਵਿੱਚ ਅੱਖਾਂ ਜਾਂ ਵੇਖਾਂ ਨੂੰ ਬਿਖ ਰੂਪੀ ਸੰਸਾਰ ਦੇਖਣ ਦੀ ਬਜਾਏ ਅੰਮ੍ਰਿਤ ਰੂਪੀ ਪ੍ਰਭੂ ਦਰਸ਼ਨ ਦੀ ਅੰਤਰੀਵ ਖੋਜ ਵਲ ਅਗ੍ਰਸਰ ਕਰਨ ਲਈ ਹੈ ਇਸ ਸੰਸਾਰ ਨੂੰ ਹਰੀ ਰੂਪ ਸਵੀਕਾਰ ਕਰਕੇ ਹਰੀ ਪ੍ਰਾਪਤੀ ਦਾ ਅਵਸਰ ਸਵੀਕਾਰ ਕੀਤਾ ਗਿਆ ਹੈ- *"ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।"* ਛੱਤੀਵੀਂ ਪਉੜੀ ਵਿੱਚ ਸੰਸਾਰ ਨੂੰ ਬਿਖ ਰੂਪ ਕਹਿਕੇ ਇਸ ਵਿੱਚ ਜਨਮ ਲੈ ਕੇ ਗੁਰੂ ਕਿਰਪਾ ਨਾਲ ਹਰੀ ਪ੍ਰਾਪਤੀ ਦੇ ਇਕ ਮਾਤ੍ਰ ਢੰਗ ਜਾਂ ਉਪਰਾਲੇ ਕਾਰਣ ਇਸ ਨੂੰ ਹਰੀ ਰੂਪ ਸਵੀਕਾਰ ਕੀਤਾ ਹੈ। ਹੁਣ ਕੰਨਾਂ ਨੂੰ ਵੀ ਸੱਚ ਸੁਣਨ ਦੇ ਏਕਾਕੀ ਕਾਰਜ ਦੀ ਯਾਦ ਕਰਾਈ ਗਈ ਹੈ- *"ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੇ ਨੋ ਪਠਾਏ"*। ਸ਼ਰੀਰ ਦੇ ਪ੍ਰਤੱਖ ਨਉਂ ਦਰਵਾਜਿਆਂ ਤੋਂ ਇਲਾਵਾ ਦਸਵੀਂ ਗੁਫਾ ਵਿੱਚੋਂ ਪ੍ਰਾਣਾਂ ਦੇ ਸੰਚਾਰ ਹੋਣ ਦੀ ਧਾਰਨਾ ਸਪਸ਼ਟ ਹੈ ਕਿ ਸਵਾਸ ਨਾਲ ਹੀ ਪ੍ਰਾਣ ਸਥਿਰ ਹਨ। ਇਸ ਸਵਾਸ ਜੁਗਤ ਰਾਹੀਂ ਹੀ ਦਸਵਾਂ ਦਵਾਰਾ ਖੋਹਲਿਆ ਜਾ ਸਕਦਾ ਹੈ- *"ਗੁਰਦੁਆਰੈ ਲਾਇ ਭਾਵਨੀ ਇਕਨਾ ਦਸਮ ਦੁਆਰ ਦਿਖਾਇਆ"*, ਇਹ ਸਾਚਾ ਗੁਣਮਾਨ (ਸਿਮਰਨ) ਸੱਚੇ ਘਰ (ਦਸਵੇਂ ਦੁਆਰ) ਵਿੱਚ ਗਾਉਣ ਦੀ ਸਮਰਥਾ ਇੰਝ ਮਿਲਦੀ ਹੈ- *"ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ"*।

ਅੰਤਿਮ ਪਉੜੀ ਜੋ ਪਹਿਲੀਆਂ ਪੰਜ ਪਉੜੀਆਂ ਨਾਲ ਨਿਤਨੇਮੀ ਅੰਮ੍ਰਿਤ ਧਾਰਾ ਬਣੀ ਹੋਈ ਵਿੱਚ ਸਤਿਗੁਰੂ ਦੀ ਦਇਆ ਨਾਲ- *"ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰ ਰਹਿਆ ਭਰਪੂਰੇ"*, ਦੀ ਪੂਰਨ ਮੰਜਿਲ ਗੁਰ ਸਿੱਖ ਨੂੰ ਮਿਲੀ ਹੈ ਤੇ ਅਜਿਹੇ ਸਤਿਗੁਰੂ ਦੇ ਚਰਣਾਂ ਦੀ ਧੂੜ ਨਾਲ- *"ਬਿਨਵੰਤਿ ਨਾਨਕੁ ਗੁਰਚਰਣ ਲਾਗੇ ਵਾਜੇ ਅਨਹਦ ਤੂਰੇ"*, ਤੇ

ਫਿਰ- *"ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ"*, ਜੀਵ ਆਤਮਾ ਨੂੰ ਗੁਰੂ ਕਿਰਪਾ ਨਾਲ ਪਰਮਾਤਮਾ ਦਾ ਦਰਸ਼ਨ ਹੋ ਗਿਆ ਤੇ ਸਤ ਚਿੱਤ ਆਨੰਦ ਦੇ ਅੰਸ਼ ਜੀਵ ਆਤਮਾ ਇਹੋ ਕਹੇਗੀ- *"ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ"*. ਇਹ ਆਨੰਦ ਅੰਮ੍ਰਿਤ ਅਵਸਥਾ ਸਫਰ ਕੇਵਲ ਇਸ ਲਈ ਪ੍ਰਾਪਤ ਹੋਈ ਕਿਉਂਕਿ- *"ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ"*, ਅਨੁਸਾਰ ਸਤਿਗੁਰੂ ਨੇ ਹੀ ਆਨੰਦ ਰਸ ਦਿੱਤਾ ਤੇ ਇਸਦਾ ਅੰਮ੍ਰਿਤ ਰਹੱਸ ਸਮਝਾਇਆ ਤੇ ਆਪਣਾ ਪਾਰਬ੍ਰਹਮ ਰੂਪ ਦਿਖਾਇਆ ਹੈ। ■


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਅਤੇ
ਸੀ.ਡੀ. ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ ਫੋਨ-772660
E-mail: drjagirsingh@rediffmail.com

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

## ਹਿੰਦੁਸਤਾਨੀ ਸੰਗੀਤ ਪਧੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)
ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।
**ਅੰਮ੍ਰਿਤ ਕੀਰਤਨ ਟ੍ਰਸਟ**
1246/I, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915 **E-mail:** drjagirsingh@rediffmail.com

Hot millions®

*Salad Bar & Restaurant*

*Serving Indian, Chinese, Continental & Italian Food with a regular Indian & Salad Buffet*



*For Free Home Delivery* (above Rs. 100/-)



**CHD 723333** **SALAD BAR 723222**
**PKL 579888** **MOH 264300**

SCO 76-79,(First Floor) Sector 17-E, Chandigarh. Tel: 723222, 723111, 704858

# ਜਹ ਜਹ ਦੇਖਾ ਤਹ ਤਹ ਤੂ ਹੈ

## ਡਾ. ਜਾਗੀਰ ਸਿੰਘ

422, ਸੈਕਟਰ 15-ਏ, ਚੰਡੀਗੜ੍ਹ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਦੁੱਤੀ ਮਹਾਂ ਪੁਰਖਾਂ ਰਾਹੀਂ ਉਚਾਰੇ ਉਹ ਅਰਸ਼ੀ ਪਵਿੱਤਰ ਵਾਕ ਹਨ ਜਿਹਨਾਂ ਵਿੱਚ ਜੀਵਨ ਦੇ ਗੁੱਝੇ ਭੇਦਾਂ ਦਾ ਵਰਣਨ ਕੀਤਾ ਗਿਆ ਹੈ। ਗੁਰਬਾਣੀ ਦੇ ਕਿਸੇ ਵਾਕ ਦੇ ਵਿਚਾਰ ਨੂੰ ਲੜ ਬੰਨ੍ਹ ਲਈਏ ਅਤੇ ਉਸ ਉੱਤੇ ਅਮਲ ਸ਼ੁਰੂ ਕਰ ਦੇਈਏ ਤਾਂ ਬੰਧਨਾਂ ਤੋਂ ਮੁਕਤ ਹੋ ਜਾਈਦਾ ਹੈ।

ਜਹ ਜਹ ਦੇਖਾ ਤਹ ਤਹ ਤੂ ਹੈ

ਵਾਕ ਮਨੁੱਖੀ ਜੀਵਨ ਦੀ ਇੱਕ ਉਚੇਰੀ ਅਵਸਥਾ ਨੂੰ ਬਿਆਨ ਕਰਦਾ ਹੈ। ਇਹ ਅਵਸਥਾ ਸਮੁੱਚੇ ਬ੍ਰਹਿਮੰਡ ਦੇ ਵਰਤਾਰੇ ਨੂੰ ਮਹਿਸੂਸ ਕਰਨ ਨਾਲ ਪ੍ਰਾਪਤ ਹੁੰਦੀ ਹੈ। ਇਹ ਮਹਾਂ ਵਾਕ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਰਾਗ ਵਿੱਚ ਰਚੇ ਸ਼ਬਦ ਵਿੱਚੋਂ ਲਿਆ ਗਿਆ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ-

*ਤੂ ਦਰਿਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤੁ ਲਹਾ।*
*ਜਹ ਜਹ ਦੇਖਾ ਤਹ ਤਹ ਤੂਹੈ ਤੁਝ ਤੇ ਨਿਕਸੀ ਫੂਟਿ ਮਰਾ।*
*ਨ ਜਾਣਾ ਮੇਉ ਨਾ ਜਾਣਾ ਜਾਲੀ। ਜਾ ਦੁਖੁ ਲਾਗੈ ਤਾ ਤੁਝੈ ਸਮਾਲੀ।*
*ਤੂ ਭਰਪੂਰ ਜਾਨਿਆ ਮੈ ਦੂਰਿ। ਜੋ ਕਛੁ ਕਰੀ ਸੁ ਤੇਰੈ ਹਦੂਰਿ।*
*ਤੂ ਦੇਖਹਿ ਹਉ ਮੁਕਰਿ ਪਾਉ। ਤੇਰੈ ਕੰਮਿ ਨ ਤੇਰੈ ਨਾਇ।*
*ਜੇਤਾ ਦੇਹਿ ਤੇਤਾ ਹਉ ਖਾਉ। ਬਿਆ ਦਰੁ ਨਾਹੀ ਕੈ ਦਰਿ ਜਾਉ।*
*ਨਾਨਕੁ ਏਕ ਕਹੈ ਅਰਦਾਸਿ। ਜੀਉ ਪਿੰਡੁ ਸਭੁ ਤੇਰੈ ਪਾਸਿ।*
*ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ।*
*ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ।*
*ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋ।*

ਇਸ ਸ਼ਬਦ ਵਿੱਚ ਮੱਛੀ ਦਾ ਦ੍ਰਿਸ਼ਟਾਂਤ ਲੈ ਕੇ 'ਜਹ ਜਹ ਦੇਖਾ ਤਹ ਤਹ ਤੂਹੈ' ਵਾਲੀ ਅਵਸਥਾ ਸਮਝਾਈ ਗਈ ਹੈ। ਇੱਥੇ ਜਿਵੇਂ ਜਗਿਆਸੂ ਮੱਛੀ ਦੇ ਰੂਪ ਵਿੱਚ ਪ੍ਰਮਾਤਮਾ ਰੂਪੀ ਸਾਗਰ ਨੂੰ ਸਿੱਧਾ ਸੰਬੋਧਨ ਕਰਦਾ ਹੈ "ਹੇ ਪ੍ਰਮਾਤਮਾ ਤੂੰ ਦਰਿਆਓ ਜਾਂ ਸਾਗਰ ਵਾਂਗ ਬਹੁਤ ਵੱਡਾ ਹੈ ਮੈਂ ਨਿੱਕੀ ਜਿਹੀ ਮਛਲੀ ਵਾਂਗ ਹਾਂ ਮੈਂ ਤੇਰਾ ਅੰਤ ਕਿਵੇਂ ਪਾ ਸਕਦਾ ਹਾਂ। ਮੈਂ ਜਿੱਥੇ ਵੀ ਵੇਖਦਾ ਹਾਂ ਤੂੰ ਹੀ ਤੂੰ ਹੈ। ਹਾਂ ਮੈਨੂੰ ਇਹ ਪਤਾ ਲਗ ਗਿਆ ਹੈ ਕਿ ਤੂੰ ਮੇਰਾ ਜੀਵਨ ਹੈਂ ਜੇ ਮੈਂ ਤੈਥੋਂ ਵਿਛੜ ਗਿਆ ਤਾਂ ਮਰ ਜਾਵਾਂਗਾ।

*ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ।*

ਮਲਾਰ ਮਹਲਾ ੪ ਪੰਨਾ 1263

ਅਰਥਾਤ- ਹੇ ਭਾਈ ਪਰਮਾਤਮਾ ਦਾ ਭਗਤ ਇਉਂ ਹੈ ਜਿਵੇਂ ਪਾਣੀ ਦੀ ਮੱਛੀ ਹੈ। ਪਾਣੀ ਤੋਂ ਵਿਛੜ ਕੇ ਮੱਛੀ ਤੜਫ ਕੇ ਮਰ ਜਾਂਦੀ ਹੈ, ਤਿਵੇਂ ਪਰਮਾਤਮਾ ਦਾ ਭਗਤ ਹਰਿ ਨਾਮ ਵਿਸਰਿਆਂ ਬਹੁਤ ਦੁਖੀ ਹੁੰਦਾ ਹੈ। ਕਹਿੰਦੇ ਹਨ ਮੱਛੀ ਨੂੰ ਵੀ ਪਹਿਲਾਂ ਸੋਝੀ ਨਹੀਂ ਸੀ ਕਿ ਉਸ ਦਾ ਜੀਵਨ ਪਾਣੀ ਹੈ। ਉਹ ਹਮੇਸ਼ਾ ਪਾਣੀ ਵਿੱਚ ਰਹਿੰਦੀ ਸੀ। ਜਿਹੜੀ ਵਸਤੂ ਸਾਡੇ ਕੋਲ ਹਰ ਵੇਲੇ ਬਹੁਤਾਤ ਵਿੱਚ ਮੌਜੂਦ ਹੋਵੇ, ਸੌਖੀ ਮਿਲ ਸਕਦੀ ਹੋਵੇ, ਜਦੋਂ ਚਾਹੀਏ ਅਤੇ ਜਿੰਨੀ ਚਾਹੀਏ ਮਿਲ ਸਕਦੀ ਹੋਵੇ ਤਾਂ ਅਸੀਂ ਉਸ ਵਸਤੂ ਦੀ ਮਹਤਤਾ ਨੂੰ ਨਹੀਂ ਸਮਝ ਸਕਦੇ। ਉਸ ਦੀ ਅਸੀਂ ਕਦਰ ਨਹੀਂ ਪਾਉਂਦੇ ਉਸ ਦੀ ਕੀਮਤ ਨਹੀਂ ਸਮਝਦੇ। ਉਸ ਦੀ ਸੰਭਾਲ ਵੱਲ ਵੀ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦੇ। ਜਿਵੇਂ ਹਵਾ ਸਾਡੇ ਜੀਵਨ ਲਈ ਬੜੀ ਜ਼ਰੂਰੀ ਹੈ ਪਰ ਇਹ ਸਾਨੂੰ ਮੁਫਤ ਬਿਨਾ ਕਿਸੇ ਮੁਸ਼ਕਲ ਦੇ ਮਿਲ ਜਾਂਦੀ ਹੈ ਇਸ ਲਈ ਅਸੀਂ ਇਸ ਬਾਰੇ ਬਹੁਤਾ ਸੋਚਦੇ ਨਹੀਂ। ਪਰ ਜਿੱਥੇ ਕਿਤੇ ਇਸ ਦੀ ਤੋਟ ਆਉਂਦੀ ਹੈ ਤਾਂ ਪਤਾ ਲਗਦਾ

ਹੈ। ਇਸ ਤਰ੍ਹਾਂ ਮੱਛੀ ਨੂੰ ਪਾਣੀ ਦੀ ਮਹਤਤਾ ਦਾ ਪਤਾ ਨਹੀਂ ਸੀ। ਇੱਕ ਵਾਰ ਉਸ ਨੇ ਕੱਛੂ ਨੂੰ ਕਿਹਾ ਕਿ ਮੈਂ ਸੁਣਿਆ ਹੈ ਕਿ ਕੋਈ ਐਸੀ ਵਸਤੂ ਹੈ ਜਿਹੜੀ ਸੀਤਲ ਹੈ ਜਿਸ ਕਾਰਨ ਜੀਵ ਜੰਤੂ ਅਤੇ ਬਨਸਪਤੀ ਮੌਲਦੀ ਹੈ ਤੂੰ ਉਸ ਵਸਤੂ ਬਾਰੇ ਜਾਣਦਾ ਹੈਂ? ਕੱਛੂ ਨੇ ਕਿਹਾ ਮੈਂ ਤਾਂ ਜਾਣਦਾ ਹਾਂ ਪਰ ਜੇ ਤੂੰ ਜਾਣਨਾ ਚਾਹੁੰਦੀ ਹੈਂ ਤਾਂ ਤੈਨੂੰ ਮੇਰੇ ਨਾਲ ਪਾਣੀ ਤੋਂ ਬਾਹਰ ਜਾਣਾ ਪਵੇਗਾ। ਮੱਛੀ ਕੱਛੂ ਦੀ ਪਿੱਠ ਤੇ ਬੈਠ ਗਈ ਤੇ ਕੱਛੂ ਨੇ ਉਸ ਨੂੰ ਬਰੇਤੇ ਵਿੱਚ ਲਿਆ ਸੁੱਟਿਆ। ਮੱਛੀ ਥੋੜੀ ਦੇਰ ਬਾਅਦ ਹੀ ਤੜਫਣ ਲੱਗੀ। ਜਦੋਂ ਅਧਮੋਈ ਹੋਈ ਤੇ ਕੱਛੂ ਨੇ ਮੱਛੀ ਨੂੰ ਚੁੱਕ ਕੇ ਫਿਰ ਪਾਣੀ ਵਿੱਚ ਲਿਆ ਕੇ ਸੁੱਟਿਆ ਤੇ ਕਿਹਾ- ਇਹ ਹੈ ਪਾਣੀ ਜਿਹੜਾ ਸਭ ਨੂੰ ਸੀਤਲਤਾ ਤੇ ਜੀਵਨ ਦਿੰਦਾ ਹੈ। ਉਸ ਦਿਨ ਤੋਂ ਮੱਛੀ ਨੂੰ ਪਤਾ ਚਲ ਗਿਆ ਤੇ ਉਹ ਲੱਗੀ ਪਾਣੀ ਦੇ ਗੁਣ ਗਾਉਣ।

ਇਸੇ ਤਰ੍ਹਾਂ ਅਸੀਂ ਵੀ ਪ੍ਰਮਾਤਮਾ ਦੇ ਅੰਦਰ ਹਰ ਵੇਲੇ ਰਹਿੰਦੇ ਹਾਂ ਉਸ ਦੀਆਂ ਦਾਤਾਂ ਦਾ ਅਨੰਦ ਮਾਣਦੇ ਹਾਂ। ਉਸ ਦਾ ਸ਼ੁਕਰਾਨਾ ਕਰਨ ਦੀ ਥਾਂ ਅਸੀਂ ਉਸ ਦਾ ਅੰਤ ਪਾਉਣ ਦੀ ਕੋਸ਼ਿਸ਼ ਕਰਨ ਲੱਗ ਪੈਂਦੇ ਹਾਂ ਤਾਂ ਜੋ ਅਸੀਂ ਚੁੰਚ ਗਿਆਨ ਕਰਕੇ ਆਪਣੀ ਧਾਂਕ ਜਮਾ ਸਕੀਏ। ਅਸੀਂ ਆਪਣੀ ਹਉਮੈ ਵਸ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਜਪੁਜੀ ਵਿੱਚ ਇਹ ਕਥਨ ਭੁੱਲ ਜਾਂਦੇ ਹਾਂ-

*ਅੰਤ ਨਾ ਸਿਫਤੀ ਕਹਿਣ ਨ ਅੰਤ।*
*ਅੰਤ ਨ ਕਰਣੈ ਦੇਣਿ ਨ ਅੰਤ।*
*ਅੰਤ ਨ ਵੇਖਣਿ ਸੁਣਨਿ ਨ ਅੰਤ।*
*ਅੰਤ ਨ ਜਾਪੈ ਕੀਤਾ ਆਕਾਰ।*
*ਅੰਤ ਨ ਜਾਪੈ ਪਾਰਾਵਾਰ।*
*ਅੰਤ ਕਾਰਣਿ ਕੇਤੇ ਬਿਲਲਾਹਿ।*
*ਤਾ ਕੇ ਅੰਤ ਨ ਪਾਏ ਜਾਹਿ।*
*ਏਹ ਅੰਤ ਨ ਜਾਣੈ ਕੋਇ।*
*ਬਹੁਤਾ ਕਹੀਐ ਬਹੁਤਾ ਹੋਇ।*

ਗੁਰਬਾਣੀ ਵਿੱਚ ਥਾਂ ਥਾਂ ਤੇ ਆਦੇਸ਼ ਦਿੱਤੇ ਗਏ ਹਨ ਕਿ ਪ੍ਰਮਾਤਮਾ ਦੀ ਉਸਤਤੀ ਕੀਤੀ ਜਾ ਸਕਦੀ ਹੈ। ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ:

*ਉਸਤਤਿ ਕਰਹਿ ਸੇਵਕ ਮੁਨਿ ਕੇਤੇ*
*ਤੇਰਾ ਅੰਤ ਨ ਕਤਹੂ ਪਾਈਐ॥*

ਦੇਵ ਗੰਧਾਰੀ ਮਹਲਾ ੫, ਪੰਨਾ 528

ਮੱਛੀ ਵਾਂਗ ਜਗਿਆਸੂ ਵੀ ਪ੍ਰਮਾਤਮਾ ਤੋਂ ਬਿਨਾ ਨਹੀਂ ਰਹਿ ਸਕਦਾ। ਪਰ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਪਰਮਾਤਮਾ ਹੀ ਅਸਲ ਵਿੱਚ ਸਭ ਦਾ ਮਾਤਾ ਪਿਤਾ ਪਾਲਨਹਾਰ ਕਰਤਾ ਹੈ ਤਾਂ ਉਹ ਹਰ ਸਮੇਂ ਉਸ ਨਾਲ ਰਹਿਣਾ ਚਾਹੁੰਦਾ ਹੈ। ਅਜਿਹੇ ਜਗਿਆਸੂ ਬਾਰੇ ਗੁਰਬਾਣੀ ਵਿੱਚ ਇੱਕ ਬੜਾ ਪਿਆਰਾ ਸ਼ਬਦ ਹੈ:

*ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ।*
*ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ।*
*ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।*
*ਤੁਮਰੀ ਕਿਰਪਾ ਤੇ ਤੁਧ ਪਛਾਣਾ।*
*ਤੂੰ ਮੇਰੀ ਓਟ ਤੂ ਹੈ ਮੇਰਾ ਮਾਣਾ।*
*ਤੁਝ ਬਿਨ ਦੂਜਾ ਅਵਰ ਨ ਕੋਈ ਸਭ ਤੇਰਾ ਖੇਲ ਅਖਾੜਾ ਜੀਓ*
*ਜੀਅ ਜੰਤ ਸਭ ਤੁਧ ਉਪਾਏ।*
*ਜਿਤ ਜਿਤ ਭਾਣਾ ਤਿਤ ਲਾਏ।*
*ਸਭ ਕਿਛ ਕੀਤਾ ਤੇਰਾ ਹੋਵੇ ਨਾਹੀ ਕਿਛ ਅਸਾੜਾ ਜੀਉ।*

*ਨਾਮ ਧਿਆਏ ਮਹਾਂ ਸੁਖ ਪਾਇਆ।*
*ਹਰਿ ਗੁਣ ਗਾਏ ਮੇਰਾ ਮਨ ਸੀਤਲਾਇਆ*
*ਗੁਰਪੂਰੇ ਵਜੀ ਵਧਾਈ ਨਾਨਕ ਜਿਤਾ ਬਿਖਾੜਾ ਜੀਉ।*

ਮਾਝ ਮਹਲਾ ੫, ਪੰਨਾ 103

ਇਸ ਤਰ੍ਹਾਂ 'ਜਹ ਜਹ ਦੇਖਾ ਤਹ ਤਹ ਤੂ ਹੈ' ਵਾਲੀ ਅਵਸਥਾ ਉੱਤੇ ਪਹੁੰਚਣ ਤੋਂ ਪਹਿਲਾਂ ਉਸ ਦੇ ਗੁਣਾਂ ਦਾ ਅਹਿਸਾਸ ਹੁੰਦਾ ਹੈ। ਇਹ ਗੁਣ ਉਹ ਹੁੰਦੇ ਹਨ ਜਿਹਨਾਂ ਦਾ ਸੰਬੰਧ ਸਾਡੇ ਨਾਲ ਹੁੰਦਾ ਹੈ ਅਤੇ ਅਸੀਂ ਉਹਨਾਂ ਨੂੰ ਮਹਿਸੂਸ ਕਰ ਸਕਦੇ ਹਾਂ। ਇਹ ਗੁਣ ਸਾਡੀ ਜ਼ਿੰਦਗੀ ਨੂੰ ਸੁਖਾਵਾਂ ਵੀ ਬਣਾਉਂਦੇ ਹਨ ਅਤੇ ਸਾਨੂੰ ਅਚੰਭਤ ਵੀ ਕਰਦੇ ਹਨ। ਉਹ ਅਪਹੁੰਚ ਹੈ। ਅਗੋਚਰ ਹੈ। ਅਦ੍ਰਿਸ਼ਟ ਹੈ। ਉਹ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਉਹ ਜਲ ਵਿੱਚ, ਧਰਤੀ ਵਿੱਚ, ਅਕਾਸ਼ ਵਿੱਚ ਹਰ ਥਾਂ ਵਿਆਪਕ ਹੈ। ਹਰੇਕ ਜੀਵ ਦੇ ਹਿਰਦੇ ਵਿੱਚ ਉਸ ਦੀ ਜੋਤ ਮੌਜੂਦ ਹੈ:

*ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ।*
*ਜਲਿ ਥਲਿ ਮਹੀਅਲ ਭਰਿਪੁਰ ਲੀਣਾ ਘਟਿ ਘਟਿ ਜੋਤਿ ਤੁਮਾਰੀ।*

ਬਿਲਾਵਲ ਮਹਲਾ ੧, ਪੰਨਾ 795

ਭਗਤ ਰਵਿਦਾਸ ਜੀ ਕਹਿੰਦੇ ਹਨ ਉਹ ਪ੍ਰਭੂ-ਖਸਮ ਅਨੇਕਾਂ ਰੂਪ ਬਣਾ ਕੇ ਸਾਰਿਆਂ ਵਿੱਚ ਇੱਕ ਆਪ ਹੀ ਹੈ, ਸਭ ਘਟਾਂ ਵਿੱਚ ਇੱਕ ਆਪ ਹੀ ਹੈ, ਸਭ ਘਟਾਂ ਵਿੱਚ ਆਪ ਹੀ ਬੈਠਾ ਜਗਤ ਦੇ ਰੰਗ ਮਾਣ ਰਿਹਾ ਹੈ। ਉਹ ਦੂਰ ਨਹੀਂ ਮੇਰੇ ਹੱਥ ਤੋਂ ਵੀ ਨੇੜੇ ਹੈ, ਜੋ ਕੁਝ ਜਗਤ ਵਿੱਚ ਵਰਤ ਰਿਹਾ ਹੈ, ਉਸੇ ਦੀ ਰਜ਼ਾ ਵਿੱਚ ਹੋ ਰਿਹਾ ਹੈ-

*ਸਰਬੈ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।*
*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।*

ਰਾਗ ਸੋਰਠ, ਭਗਤ ਰਵਿਦਾਸ ਜੀ, ਪੰਨਾ 657

ਉਹ ਇਤਨਾ ਨੇੜੇ ਹੈ ਪਰ ਮਨੁੱਖ ਆਪਣੀ ਹਉਮੈ ਕਾਰਨ ਉਸ ਨੂੰ ਦੂਰ ਸਮਝਦਾ ਹੈ। ਉਹ ਸਾਰੇ ਪਾਸੇ ਵਿਆਪਕ ਹੈ ਜੋ ਵੀ ਮਨੁੱਖ ਕਰਦਾ ਹੈ ਉਹ ਪ੍ਰਮਾਤਮਾ ਸਾਹਮਣੇ ਹੀ ਕਰਦਾ ਹੈ:

*ਤੂ ਭਰਪੂਰ ਜਾਨਿਆ ਮੈ ਦੂਰ।*
*ਜੋ ਕੁਛ ਕਰੀ ਸੋ ਤੇਰੇ ਹਦੂਰ॥*

ਇਸ ਭੁਲੇਖੇ ਵਿੱਚ ਕਿ ਜੋ ਵੀ ਮੈਂ ਕਰਮ ਕਰਦਾ ਹਾਂ ਉਹਨਾਂ ਨੂੰ ਕੋਈ ਨਹੀਂ ਵੇਖਦਾ ਮਨੁੱਖ ਕੁਕਰਮ ਕਰਨ ਤੋਂ ਡਰਦਾ ਵੀ ਨਹੀਂ ਪਰ ਗੁਰੂ ਜੀ ਫੁਰਮਾਉਂਦੇ ਹਨ ਕਿ ਆਦਮੀ ਸ਼ਹਿਰਾਂ ਦੀਆਂ ਦੁਕਾਨਾ ਤੇ ਮਜ਼ਬੂਤ ਮਹਿਲਾਂ ਨੂੰ ਪਾੜ ਲਾਉਂਦਾ ਹੈ ਅਤੇ ਉੱਥੇ ਚੋਰੀ ਕਰ ਕੇ ਘਰ ਆ ਜਾਂਦਾ ਹੈ। ਉਹ ਆਪਣੇ ਅੱਗੇ ਪਿੱਛੇ ਵੇਖਦਾ ਹੈ ਪਰ ਤੇਰੇ ਕੋਲੋਂ ਉਹ ਆਪਣਾ ਆਪ ਕਿਵੇਂ ਲੁਕਾ ਸਕਦਾ ਹੈ:

*ਹਟ ਪਟਣ ਬਿਨ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।*
*ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।*

ਗਉੜੀ ਮਹਲਾ ੧, ਪੰਨਾ 156

ਉਹ ਸਾਰਾ ਕੁਝ ਵੇਖਦਾ ਹੈ ਪਰ ਅਸੀਂ ਉਸ ਦੇ ਵੇਖਣ ਤੋਂ ਮੁਕਰਦੇ ਰਹਿੰਦੇ ਹਾਂ। ਅਸੀਂ ਪ੍ਰਮਾਤਮਾ ਦੇ ਕਹੇ ਅਨੁਸਾਰ ਕੰਮ ਨਹੀਂ ਕਰਦੇ ਨਾ ਹੀ ਉਸ ਦਾ ਸਿਮਰਨ ਕਰਦੇ ਹਾਂ-

*ਤੂੰ ਦੇਖਹਿ ਹਉ ਮੁਕਰ ਪਾਉ।*
*ਤੇਰੇ ਕੰਮ ਨ ਤੇਰੇ ਨਾਇ।*

ਜਦੋਂ ਪ੍ਰਮਾਤਮਾ ਨੂੰ ਹਰ ਥਾਂ ਮਹਿਸੂਸ ਨਹੀਂ ਕੀਤਾ ਜਾਂਦਾ ਤਾਂ ਇਸ ਦੁਨੀਆਂ ਵਿੱਚ ਬਹੁਤ ਸਾਰੇ ਵਿਕਾਰ ਫੈਲ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਜਦੋਂ ਫੁਰਮਾਉਂਦੇ ਹਨ-

*ਇਕ ਘੜੀ ਨ ਮਿਲਤੇ ਤ ਕਲਜੁਗ ਹੋਤਾ*

ਤਾਂ ਇਹ ਕੇਵਲ ਇੱਕ ਵਿਅਕਤੀ ਦੀ ਅਵਸਥਾ ਨਹੀਂ ਸਗੋਂ ਐਸੀ ਹਾਲਤ ਸਾਰੇ ਸਮਾਜ ਵਿੱਚ ਵਿਆਪ ਜਾਂਦੀ

ਹੈ। ਕਲਿਜੁਗ ਵਿੱਚ ਸਾਰਾ ਕੁਝ ਉਲਟਾ ਹੋ ਜਾਂਦਾ ਹੈ। ਮਨੁੱਖ ਹੱਥੋਂ ਮਨੁੱਖ ਲੁਟਿਆ ਜਾਂਦਾ ਹੈ, ਊਚ ਨੀਚ, ਜਾਤਪਾਤ ਆਦਿ ਦੀਆਂ ਵੰਡੀਆਂ ਪੈ ਜਾਂਦੀਆਂ ਹਨ। ਕੋਈ ਸਮਝਦਾ ਹੈ ਰਬ ਮਸੀਤ ਵਿੱਚ ਹੈ, ਕੋਈ ਮੰਦਰ ਵਿੱਚ ਸਮਝਦਾ ਹੈ ਕੋਈ ਪੂਰਬ ਵਿੱਚ ਕੋਈ ਪੱਛਮ ਵਿੱਚ ਸਮਝਦਾ ਹੈ। ਸਾਰੇ ਸਮਾਜ ਵਿੱਚ ਅਸ਼ਾਂਤੀ ਫੈਲ ਜਾਂਦੀ ਹੈ। ਲੋਕ ਰੱਬ ਨੂੰ ਲਭਣ ਲਈ ਜੰਗਲਾਂ ਵਿੱਚ ਤੁਰ ਪੈਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜਿਹੇ ਲੋਕਾਂ ਨੂੰ ਕਹਿੰਦੀ ਹੈ। ਜੰਗਲ ਵਿੱਚ ਕੀ ਲਭਣ ਜਾਂਦੇ ਹੋ। ਉਹ ਤਾਂ ਸਾਰੇ ਪਾਸੇ ਵਿਆਪਕ ਹੈ ਉਸ ਨੂੰ ਆਪਣੇ ਹਿਰਦੇ ਵਿੱਚ ਲਭੋ-

*ਕਾਹੇ ਰੇ ਬਨ ਖੋਜਨ ਜਾਈ।*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ।*

-

*ਫਰੀਦਾ ਜੰਗਲ- ਜੰਗਲ ਕਿਆ ਭਵਹਿ ਵਣ ਕੰਡਾ ਮੋੜੇਹਿ।*
*ਵਸੀ ਰਬ ਹਿਆਲੀਐ ਜੰਗਲ ਕਿਆ ਢੂੰਢੇਹਿ।*

ਕਦੀ ਕਬੀਰ ਜੀ ਮੁੱਲਾਂ ਨੂੰ ਪੁਕਾਰ ਕੇ ਕਹਿੰਦੇ ਹਨ ਰਬ ਨੂੰ ਪਾਉਣ ਲਈ ਬਾਂਗ ਨਾ ਦੇਹਿ ਆਪਣੇ ਅੰਦਰ ਝਾਤ ਮਾਰ-

*ਕਬੀਰ ਮੁਲਾਂ ਮੁਨਾਰੇ ਕਿਆ ਚੜਹਿ ਸਾਈ ਨ ਬੈਰਾ ਹੋਇ।*
*ਜੈ ਕਾਰਨ ਤੂ ਬਾਂਗ ਦੇ ਦਿਲ ਹੀ ਭੀਤਰ ਜੋਇ।*

ਜਦੋਂ ਮਨੁੱਖ ਨੂੰ ਸੋਝੀ ਆਉਂਦੀ ਹੈ ਕਿ ਪ੍ਰਮਾਤਮਾ ਹਰ ਥਾਂ ਵਿਆਪਕ ਹੈ ਤਾਂ ਇਹ ਦੁਨੀਆਂ ਚੰਗੀ ਲੱਗਣ ਲੱਗ ਪੈਂਦੀ ਹੈ।

*ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ*

--

*ਸਚੇ ਤੇਰੇ ਖੰਡ ਸਚੇ ਬ੍ਰਹਿਮੰਡ*
*ਸਚੇ ਤੇਰੇ ਲੋਅ ਸਚੇ ਅਕਾਰ।*

--

ਫਿਰ ਉਸ ਨੂੰ ਸਾਰੇ ਮਨੁੱਖ ਵੀ ਚੰਗੇ ਲਗਦੇ ਹਨ। ਫਿਰ ਉਹ ਕਬੀਰ ਜੀ ਦੀ ਬਾਣੀ ਉਚਾਰਦਾ ਕਹਿੰਦਾ ਹੈ-

*ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।*
*ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ*
*ਲੋਗਾ ਭਰਮ ਨ ਭੂਲਹੁ ਭਾਈ।*
*ਖਾਲਕ ਖਲਕ ਖਲਕ ਮਹਿ ਖਾਲਕ ਪੂਰ ਰਹਿਆ ਸਰਬ ਠਾਈ।*

--

ਗੁਰੂ ਅਰਜਨ ਦੇਵ ਜੀ ਦਾ ਇਹ ਕਥਨ ਸਮਝ ਆਉਣ ਲੱਗ ਪੈਂਦਾ ਹੈ-

*ਫਰੀਦਾ ਖਾਲਕ ਖਲਕ ਮਹਿ ਖਲਕ ਵਸਹਿ ਰਬ ਮਾਹਿ।*
*ਮੰਦਾ ਕਿਸ ਕੋ ਆਖੀਐ ਜਾ ਤਿਸ ਬਿਨ ਕੋਈ ਨਾਹਿ।*

--

ਅਜਿਹੀ ਅਵਸਥਾ ਵਿੱਚ 'ਨਾ ਕੋ ਬੈਰੀ ਨਾਹੀ ਬੇਗਾਨਾ' ਅਤੇ 'ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ' ਵਾਲੀ ਹੁੰਦੀ ਹੈ। ਇਹ ਅਵਸਥਾ ਕਿਤਨੀ ਸੁਖਦਾਈ ਹੈ। ਇੱਥੇ ਕਿਸੇ ਨੂੰ ਕੋਈ ਧੋਖਾ ਨਹੀਂ ਦਿੰਦਾ। ਕੋਈ ਕਿਸੇ ਨੂੰ ਨੀਵਾਂ ਨਹੀਂ ਸਮਝਦਾ। ਸਭ ਪਾਸੇ ਅਨੰਦ ਅਨੰਦ ਹੋ ਜਾਂਦਾ। ਫਿਰ ਤਾਂ ਮਨੁੱਖ ਚਾਹੁੰਦਾ ਹੈ ਕਿ ਸਦਾ ਇਹ ਹੀ ਅਵਸਥਾ ਰਹੇ। ਇਹ ਅਵਸਥਾ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਣ ਨਾਲ ਹੀ ਕਾਇਮ ਰਹਿੰਦੀ ਹੈ। ਜੇ ਸਦਾ ਪ੍ਰਮਾਤਮਾ ਨਾਲ ਰਿਹਾ ਜਾਵੇ ਤਾਂ ਸਾਰੇ ਦੁਖ ਦੂਰ ਹੋ ਜਾਂਦੇ ਹਨ

*ਏ ਮਨ ਮੇਰਿਆ ਤੂੰ ਸਦਾ ਰਹੁ ਹਰਿ ਨਾਲੇ।*

*ਹਰਿ ਨਾਲ ਰਹਹੁ ਤੂ ਮਨ ਮੇਰੇ ਦੂਖ ਸਭ ਵਿਸਾਰਨਾ।*

--

ਫਿਰ ਤਾਂ 'ਆਖਾਂ ਜੀਵਾ ਵਿਸਰੈ ਮਰ ਜਾਉ' ਵਾਲੀ ਅਵਸਥਾ ਆ ਜਾਂਦੀ ਹੈ। ਮਨੁੱਖ ਮਹਿਸੂਸ ਕਰਦਾ ਹੈ ਕਿ ਜੇ ਇੱਕ ਤਿਲ ਵੀ ਉਹ ਵਿਸਰ ਜਾਵੇ ਤਾਂ ਵੱਡਾ ਰੋਗ ਪੈਦਾ ਹੋ ਜਾਂਦਾ ਹੈ-

*ਇਕ ਤਿਲ ਪਿਆਰਾ ਵੀਸਰੈ ਰੋਗ ਵਡਾ ਮਨ ਮਾਹਿ।*

ਇਸ ਤਰ੍ਹਾਂ ਜਦੋਂ ਪ੍ਰਭੂ ਸਰਬ ਵਿਆਪਕ ਜਾਪਦਾ ਹੈ ਤਾਂ ਮਨੁੱਖ ਕਹਿੰਦਾ ਹੈ। ਮੈਨੂੰ ਤੂੰ ਜੋ ਦੇਵੇਂ ਉਹੀ ਖਾਂਦਾ ਹਾਂ। ਦੂਜਾ ਟਿਕਾਣਾ ਮੇਰੇ ਕੋਲ ਹੈ ਨਹੀਂ ਹੋਰ ਮੈਂ ਕਿੱਥੇ ਜਾ ਸਕਦਾ ਹਾਂ। ਤੂੰ ਆਪ ਹੀ ਨੇੜੇ ਆਪ ਹੀ ਦੂਰ ਹੈ ਆਪੇ ਹੀ ਅੰਦਰ ਹੈ ਆਪ ਹੀ ਕਿਨਾਰੇ ਤੇ ਹੈਂ ਤੂੰ ਸਾਰਾ ਕੁਝ ਵੇਖਦਾ ਸੁਣਦਾ ਹੈ। ਉਹੀ ਮੈਨੂੰ ਵੀ ਪ੍ਰਵਾਨ ਹੋ ਜੋ ਤੈਨੂੰ ਚੰਗਾ ਲਗਦਾ ਹੈ-

*ਜੇਤਾ ਦੇਹ ਤੇਤਾ ਹਉ ਖਾਉ। ਬਿਆ ਦਰ ਨਾਹੀ ਕੈ ਦਰਿ ਜਾਉ।*
*ਨਾਨਕ ਏਕ ਕਹੈ ਅਰਦਾਸ। ਜੀਉ ਪਿੰਡ ਸਭ ਤੇਰੈ ਪਾਸ।*
*ਆਪੇ ਨੇੜੈ ਦੂਰ ਆਪੇ ਹੀ ਆਪੇ ਮੰਝ ਮਿਆਨੋ।*
*ਆਪੇ ਵੇਖੈ ਸੁਣੇ ਆਪੇ ਹੀ ਕੁਦਰਤ ਕਰੇ ਜਹਾਨੋ।*
*ਜੋ ਤਿਸ ਭਾਵੈ ਨਾਨਕਾ ਹੁਕਮ ਸੋਈ ਪ੍ਰਵਾਨੋ।* ■


**ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।



Phone : (O) 3312440
Resi. : 5721753

*Sawhney Cloth House*

46, Shanker Market, Connaught Circus, New Delhi - 110 001



Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

**THE AROMA**
**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

# ਸਾਡੇ ਕੀਰਤਨੀਏ-ਭਾਈ ਸੁਖਰਾਜ ਸਿੰਘ ਜੀ


## ਭਾਈ ਅਵਤਾਰ ਸਿੰਘ ਹੰਸ

ਗੁਰੂ ਅਰਜਨ ਕੀਰਤਨ ਅਕੈਡਮੀ, ਸੁਨਾਮੀ ਗੇਟ ਬਾਹਰ, ਸੰਗਰੂਰ


ਗੁਰਬਾਣੀ ਕੀਰਤਨ ਦੀ ਅਨਮੋਲਕ ਦਾਤ ਗੁਰੂ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ ਕੀਰਤਨ ਕਰਨ ਤੇ ਸੁਣਨ ਨਾਲ ਅਵਿੱਦਿਆ ਦੀ ਨੀਂਦ ਵਿੱਚ ਸੁਤਾ ਮਨ ਜਾਗ ਪੈਂਦਾ ਹੈ। ਪਾਪਾਂ ਦੀ ਮੈਲ ਕੱਟੀ ਜਾਂਦੀ ਹੈ ਤੇ ਨਿਰੰਕਾਰ ਨਾਲ ਲਿਵ ਜੁੜ ਜਾਂਦੀ ਹੈ।

ਭਾਈ ਸੁਖਰਾਜ ਸਿੰਘ ਰਾਗੀ ਅਜਿਹੇ ਕੀਰਤਨੀਏ ਹਨ ਜਿਨ੍ਹਾਂ ਦੇ ਪਰਿਵਾਰ ਵਿੱਚੋਂ ਕਿਸੇ ਨੂੰ ਵੀ ਗੁਰਬਾਣੀ, ਕੀਰਤਨ, ਨਾਲ ਲਗਾਓ ਨਹੀਂ ਸੀ ਪਰ ਇਹਨਾਂ ਤੇ ਸਤਿਗੁਰਾਂ ਦੀ ਅਪਾਰ ਬਖਸ਼ਿਸ ਹੋਈ ਕੀਰਤਨ ਦੀ ਦਾਤ ਪ੍ਰਾਪਤ ਹੋਈ ਅਤੇ ਹੁਣ ਇਹ ਬਹੁਤ ਸੁਰੀਲਾ ਤੇ ਰਸਭਿੰਨਾ ਕੀਰਤਨ ਕਰਦੇ ਹਨ। ਭਾਈ ਸੁਖਰਾਜ ਸਿੰਘ ਦਾ ਜਨਮ 2-2-1965 ਵਿੱਚ ਸ: ਹਰਨੇਕ ਸਿੰਘ ਦੇ ਘਰ ਪਿੰਡ ਅੜਕਵਾਸ ਜਿਲ੍ਹਾ ਸੰਗਰੂਰ ਵਿਖੇ ਹੋਇਆ। ਛੋਟੀ ਉਮਰੇ ਹੀ ਮਾਤਾ ਜੀ ਦਾ ਛਾਇਆ ਸਿਰ ਤੋਂ ਉਠ ਗਿਆ ਘਰ ਵਿੱਚ ਅਤਿ ਦੀ ਗਰੀਬੀ ਹੋਣ ਕਰਕੇ ਪਿਤਾ ਨੇ ਇਹਨਾਂ ਨੂੰ ਕਿਸੇ ਜੀਮੀਂਦਾਰ ਕੋਲ ਕੰਮਕਾਰ ਕਰਨ ਲਈ ਛੱਡ ਦਿੱਤਾ ਇਹਨਾਂ ਦਾ ਸੰਗੀਤ ਨਾਲ ਲਗਾਓ ਬਚਪਨ ਤੋਂ ਹੀ ਸੀ। ਸਕੂਲ ਵਿੱਚ ਧਾਰਮਿਕ ਗੀਤ ਬੜੀ ਸੁਰੀਲੀ ਅਵਾਜ਼ ਵਿੱਚ ਗਾਉਂਦੇ ਹੁੰਦੇ। ਇਹਨਾਂ ਦੀ ਸੰਗੀਤ ਵੱਲ ਰੁਚੀ ਦੇਖ ਕੇ ਇਹਨਾਂ ਦੇ ਫੁੱਫੜ ਸ: ਆਤਮਾ ਸਿੰਘ ਜੀ ਜੋ ਸ਼ਰਧਾਵਾਨ ਗੁਰਸਿਖ ਹਨ ਉਹਨਾਂ ਨੇ ਆਪ ਨੂੰ ਗੁਰਮਤਿ ਸੰਗੀਤ ਦੀ ਪ੍ਰਸਿੱਧ ਟਕਸਾਲ ਸੰਗੀਤ ਵਿਦਿਆਲਾ ਮਸਤੂਆਣਾ ਸਾਹਿਬ ਵਿਖੇ ਦਾਖਲ ਕਰਵਾ ਦਿੱਤਾ। ਇੱਥੇ ਭਾਈ ਸੁਖਰਾਜ ਸਿੰਘ ਜੀ ਨੇ ਲਗਪਗ 5 ਸਾਲ ਰਹਿ ਕੇ ਗੁਰਬਾਣੀ ਦੀ ਅਤੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਭਾਈ ਲਾਲ ਸਿੰਘ ਰਾਗੀ ਜੀ ਤੋਂ ਰਾਗਾਂ ਵਿੱਚ ਵੱਡੇ ਵੱਡੇ ਤਾਲਾਂ ਵਿੱਚ ਕਠਨ ਬੰਦਸ਼ਾਂ ਪ੍ਰਾਪਤ ਕੀਤੀਆਂ। ਫਿਰ ਭਾਈ ਸੁਖਰਾਜ ਸਿੰਘ ਸੰਗੀਤ ਦੀ ਹੋਰ ਉੱਚ ਵਿਦਿਆ ਲੈਣ ਲਈ ਜਵੱਦੀ ਕਲਾ ਵਿਖੇ ਚਲੇ ਗਏ ਇੱਥੇ ਗੁਰਮਤਿ ਸੰਗੀਤ ਦੇ ਰਖਵਾਲੇ ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਪਵਿੱਤਰ ਜੀਵਨ ਤੋਂ ਬਹੁਤ ਪ੍ਰਭਾਵਤ ਹੋਏ। ਉਸ ਵਕਤ ਜਵੱਦੀ ਵਿਖੇ ਭਾਈ ਨਿਰੰਜਨ ਸਿੰਘ ਜੀ ਹਜ਼ੂਰੀ ਰਾਗੀ ਸਨ। ਕੁਝ ਸਮਾਂ ਉਹਨਾਂ ਨਾਲ ਤਬਲੇ ਤੇ ਸੰਗਤ ਕਰਦੇ ਰਹੇ ਤੇ ਸੰਗੀਤ ਸਿੱਖਿਆ ਪ੍ਰਾਪਤ ਕਰਦੇ ਰਹੇ।

1984 ਵਿੱਚ ਆਪਣਾ ਜਥਾ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭਰਤੀ ਹੋ ਗਏ ਅਤੇ ਸੰਗਰੂਰ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਡਿਊਟੀ ਸ਼ੁਰੂ ਕੀਤੀ ਤੇ ਇਥੇ 4 ਸਾਲ ਤੱਕ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਫਿਰ ਭਾਈ ਸੁਖਰਾਜ ਸਿੰਘ ਜੀ ਦੀ ਬਦਲੀ ਡੇਰਾ ਬਾਬਾ ਅਜਪਾਲ ਸਿੰਘ (ਗੁ: ਘੋੜਿਆ ਵਾਲਾ) ਨਾਭਾ ਵਿਖੇ ਹੋ ਗਈ ਇੱਥੇ ਆਪਨੇ ਕਾਫੀ ਤਰੱਕੀ ਕੀਤੀ ਸਾਰੇ ਇਲਾਕੇ ਵਿੱਚ ਬਹੁਤ ਪ੍ਰਸਿੱਧੀ ਹੋਈ। ਇੱਥੇ ਵੀ 4 ਸਾਲ ਕੀਰਤਨ ਸੇਵਾ ਕਰਦੇ ਰਹੇ। ਫਿਰ ਆਪ ਜੀ ਦੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਵਿਖੇ ਬਤੌਰ ਹੈਡ ਰਾਗੀ ਦੀ ਸੇਵਾ ਤੇ ਭੇਜ ਦਿੱਤਾ। ਮੁਕਤਸਰ ਸਾਹਿਬ ਵਿਖੇ ਵੀ ਭਾਈ ਸੁਖਰਾਜ ਸਿੰਘ ਨੇ ਕਈ ਰਾਗੀ ਜਥਿਆਂ ਵਿੱਚ ਵੀ ਆਪਣੀ ਵੱਖਰੀ ਪਹਿਚਾਨ ਬਣਾ ਲਈ। ਭਾਈ ਸੁਖਰਾਜ ਸਿੰਘ ਜੀ ਜਦੋਂ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰਦੇ ਹਨ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਭਾਈ ਬਲਬੀਰ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ) ਕੀਰਤਨ ਕਰਦੇ ਹਨ। ਆਪ ਜੀ ਦੀ ਆਵਾਜ਼ ਬਿਲਕੁਲ ਭਾਈ ਬਲਬੀਰ ਸਿੰਘ ਨਾਲ ਮਿਲਦੀ ਹੈ। ਕੁਝ ਸਮੇਂ ਬਾਅਦ ਫਿਰ ਨਾਭੇ ਗੁ: ਘੋੜਿਆਂ ਵਾਲਾ ਵਿਖੇ ਆ ਗਏ। ਇੱਥੇ ਪ੍ਰਬੰਧਕਾਂ ਦੇ ਰੁੱਖੇ ਵਤੀਰੇ ਤੋਂ ਕਾਫੀ ਨਿਰਾਸ ਹੋ ਗਏ ਤੇ ਅਸਤੀਫਾ ਦੇ ਦਿੱਤਾ ਤੇ ਆਜ਼ਾਦ ਜਥਾ ਬਣਾ ਕੇ ਸੇਵਾ ਕਰਦੇ ਰਹੇ। ਅੱਜਕੱਲ ਗੁ: ਜੋਤੀ ਸਰੂਪ ਸਾਹਿਬ ਸੰਗਰੂਰ ਵਿਖੇ ਕੀਰਤਨ ਸੇਵਾ ਨਿਭਾ ਰਹੇ ਹਨ ਤੇ ਭਾਈ ਦਰਸ਼ਨ ਸਿੰਘ ਸਾਈਡ ਤੇ ਹਨ। ਭਾਈ ਮਨੋਹਰ ਸਿੰਘ ਤਬਲੇ ਤੇ ਸੰਗਤ ਕਰਦੇ ਹਨ ਬਹੁਤ ਵਧੀਆ ਤਬਲਾ ਵਜਾਉਂਦੇ ਹਨ ਪਿੱਛੇ ਜਿਹੇ ਇਹ ਹਰਵਲਭ ਸੰਗੀਤ ਸੰਮੇਲਨ ਤੇ ਭਾਗ ਲੈ ਕੇ ਆਏ ਹਨ। ਭਾਈ ਸੁਖਰਾਜ ਸਿੰਘ ਜੀ ਗੁਣੀਜਨ ਕੀਰਤਨੀਆਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਤ ਹਨ। ਭਾਈ ਬਲਬੀਰ ਸਿੰਘ ਜੀ, ਪ੍ਰਿੰ. ਬਲਦੇਵ ਸਿੰਘ ਜੀ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ, ਭਾਈ ਨਿਰਮਲ ਸਿੰਘ ਖਾਲਸਾ ਦੇ ਕੀਰਤਨ ਤੋਂ ਕਾਫੀ ਪ੍ਰਭਾਵਤ ਹਨ। ■

# ਆਉ ਤਬਲਾ ਸਿਖੀਏ

## ਭਾਈ ਗੁਰਜੰਤ ਸਿੰਘ ਰਾਹੀ

ਗੁਰੂ ਅਰਜਨ ਕੀਰਤਨ ਅਕੈਡਮੀ, ਸੁਨਾਮੀ ਗੇਟ ਬਾਹਰ, ਸੰਗਰੂਰ

### ਪਹਿਲਾ ਭਾਗ

ਗੁਰਮਤਿ ਸੰਗੀਤ ਵਿਦਿਆਲੇ ਵਿੱਚ ਵਿਦਿਆਰਥੀ ਤਬਲੇ ਦਾ ਅਭਿਆਸ ਕਰ ਰਹੇ ਹਨ। ਕਲਾਸ ਵਿੱਚ ਗੁਰੂ ਜੀ ਦੇ ਦਾਖਲ ਹੁੰਦਿਆਂ ਸਾਰੇ ਹੀ ਵਿਦਿਆਰਥੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਹਨ। ਗੁਰੂ ਜੀ ਦੇ ਆਪਣਾ ਸਥਾਨ ਗ੍ਰਹਿਣ ਕਰਦਿਆਂ ਹੀ ਸਾਰੇ ਵਿਦਿਆਰਥੀ ਅਰਧ ਗੋਲਾਕਾਰ ਵਿੱਚ ਕੋਲ ਆ ਬੈਠਦੇ ਹਨ।

**ਕੁਲਦੀਪ ਸਿੰਘ**- ਗੁਰੂ ਜੀ ਕਿਹੋ ਜਹੀ ਰਹੀ ਤੁਹਾਡੀ ਵਿਦੇਸ਼ ਯਾਤਰਾ?

**ਗੁਰੂ ਜੀ**- ਯਾਤਰਾ ਤਾਂ ਵਧੀਆ ਰਹੀ ਪਰ ਤੁਹਾਡੀ ਯਾਦ ਬਹੁਤ ਆਉਂਦੀ ਰਹੀ ਕਿਉਂਕਿ ਸਫਰ ਦੇ ਰੁਝੇਵਿਆਂ ਕਾਰਨ ਮੈ 'ਅੰਮ੍ਰਿਤ ਕੀਰਤਨ' ਲਈ ਮੈਟਰ ਨਹੀਂ ਭੇਜ ਸਕਿਆ ਜਿਸ ਕਰਕੇ ਆਪ ਸਾਰਿਆਂ ਨੂੰ ਕੁਝ ਦੇਰ ਨਵੇ ਸਬਕ ਤੋਂ ਵਾਂਝਿਆ ਰਹਿਣਾ ਪਿਆ। ਇਸ ਕਰਕੇ ਮੈਂ ਸਾਰਿਆਂ ਤੋਂ ਖਿਮਾ ਦਾ ਜਾਚਕ ਹਾਂ।

**ਮਨੋਹਰ ਸਿੰਘ**- ਗੁਰੂ ਜੀ ਸਬਕ ਤਾਂ ਸਾਡੇ ਕੋਲ ਪਹਿਲਾਂ ਹੀ ਵਾਧੂ ਸੀ ਸਗੋਂ ਪ੍ਰੈਕਟਿਸ ਕਰਨ ਦਾ ਖੁਲ੍ਹਾ ਮੌਕਾ ਮਿਲ ਗਿਆ।

**ਗੁਰੂ ਜੀ**- ਸਾਬਾਸ਼ ਅਭਿਆਸ ਨਿਰੰਤਰ ਜਾਰੀ ਰਹਿਣਾ ਚਾਹੀਦੈ। ਅਜ ਮੈਂ ਤੁਹਾਨੂੰ ਦਸ ਦਸ ਮਾਤਰਾ ਦੇ ਤਾਲ ਕਰਵਾਵਾਂਗਾ। ਇਸ ਵਰਗ ਵਿੱਚ ਦੋ ਤਾਲ ਆਉਂਦੇ ਹਨ।

1) **ਝਪਤਾਲ** : ਤਬਲੇ ਦੀਆਂ ਪ੍ਰਮੁੱਖ ਤਾਲਾਂ ਵਿੱਚ ਇਸ ਦਾ ਸ਼ੁਮਾਰ ਹੈ। ਇਹ ਤਬਲਾ ਸੋਲੋ (ਸੁਤੰਤਰ) ਵਾਦਨ ਦਾ ਤਾਲ ਹੈ। ਜ਼ਿਆਦਾਤਰ ਇਸ ਤਾਲ ਦਾ ਪ੍ਰਯੋਗ ਮੱਧ ਲੈਅ ਮਧਲੇ ਵਿੱਚ ਕੀਤਾ ਜਾਂਦਾ ਹੈ। ਪਰ ਜਿੱਥੇ ਵਿਲੰਬਤ ਲੈਅ ਵਿੱਚ ਵੱਡਾ ਖਿਆਲ ਗਾਇਆ ਜਾਂਦਾ ਹੈ ਉੱਥੇ ਮਧ ਤੇ ਦਰੁਤ ਲੈਅ ਵਿੱਚ ਗੀਤ, ਸ਼ਬਦ ਭਜਨ ਨਾਲ ਸੰਗਤ ਕੀਤੀ ਜਾਂਦੀ ਹੈ। ਇਸ ਤਾਲ ਵਿੱਚ ਕਾਇਦੇ ਪਲਟੇ ਰੇਲੇ, ਪੇਸ਼ਕਾਰ, ਟੁਕੜੇ, ਪਰਨ, ਚਕਰਦਾਰ ਪਰਨ ਆਦਿ ਤੋਂ ਬਿਨਾਂ ਸਾਥ ਵੀ ਵਜਾਇਆ ਜਾਂਦਾ ਹੈ। ਮਾਤਰਾਂ 10, ਭਾਗ 4, ਤਾਲੀ 1,3,8, ਖਾਲੀ 6ਵੀਂ।

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਧਿ | ਨਾ | ਧਿ | ਧਿ | ਨਾ | ਤਿੰ | ਨਾ | ਧਿ | ਧਿ | ਨਾ |
| X | | 2 | | | 0 | | 3 | | |

2) **ਸੂਲਤਾਲ ਜਾਂ ਸੂਲਫਾਕ** : ਸੂਲਤਾਲ ਪਖਾਵਜ ਦੀ ਤਾਲ ਹੈ ਇਹ ਧੁਰਪਦ ਅੰਗ ਦੀ ਗਾਇਕੀ ਦੇ ਨਾਲ ਸੰਗਤ ਕਰਨ ਦੀ ਤਾਲ ਹੈ। ਪਖਾਵਜ ਉਪਰ ਸੋਲੋ ਵਾਦਨ ਵਿੱਚ ਵੀ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ। ਝਪਤਾਲ ਦੀ ਤਰ੍ਹਾਂ ਇਸ ਵਿੱਚ ਵੀ ਕਾਇਦੇ, ਰੇਲੇ, ਪਰਨਾਂ ਅਤੇ ਗਤਾਂ ਵਜਾਈਆਂ ਜਾਂਦੀਆਂ ਹਨ। ਭਾਰਤੀ ਸੰਗੀਤ ਵਿੱਚ ਮੱਧ ਲੈਅ ਵਿੱਚ ਹੀ ਇਸਦਾ ਵਾਦਨ ਜਾਂ ਸੰਗਤ ਕੀਤੀ ਜਾਂਦੀ ਹੈ। ਸੂਲਤਾਲ ਨੂੰ ਗੰਭੀਰ ਪ੍ਰਕ੍ਰਿਤੀ ਦਾ ਤਾਲ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਇਸ ਤਾਲ ਦੀ ਰਚਨਾ ਅਮੀਰ ਖੁਸਰੋ ਨੇ ਚਾਰ ਤਾਲ ਵਿੱਚੋਂ ਦੋ ਬੋਲ ਕੱਢ ਕੇ ਕੀਤੀ। ਮਾਤਰਾਂ 10, ਭਾਗ 5, ਤਾਲੀ 1,5,7, ਖਾਲੀ 3,9 ਵੀਂ ਮਾਤਰ।

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਧਾ | ਧਾ | ਦਿੰ | ਤਾ | ਕਿਟ | ਧਾ | ਤੇਟੇ | ਕਤਾ | ਗਦਿ | ਗਿਨ |
| X | | 0 | | 2 | | 3 | | 0 | |

ਉਪਰੋਕਤ ਤਾਲ ਦੀ ਰਚਨਾ ਚਾਰ ਤਾਲ ਵਿੱਚੋਂ ਦੋਂ ਮਾਤਰਾਂ ਕਢ ਕੇ ਕੀਤੀ ਗਈ ਹੈ ਅਤੇ ਇਸਦਾ ਪ੍ਰਯੋਗ ਸਿਰਫ ਮੱਧ ਲੈ ਵਿੱਚ ਕੀਤਾ ਜਾਂਦਾ ਹੈ। ਪਰ ਪੰਜਾਬ ਦੇ ਤਬਲਾ ਵਾਦਕਾਂ ਨੇ ਇਸੇ ਤਾਲ ਵਿੱਚ ਸੂਲਫਾਕ ਦਾ

ਅਜਿਹਾ ਠੇਕਾ ਈਜਾਦ ਕੀਤਾ ਜਿਸ ਦੇ ਬੋਲ ਆਪਣੇ ਆਪ ਵਿੱਚ ਸੰਪੂਰਨ ਹਨ ਅਤੇ ਜਿਸ ਦਾ ਪ੍ਰਯੋਗ ਵਿਲੰਬਤ ਮੱਧ ਤੇ ਦਰੁਤ ਲੈ ਵਿੱਚ ਇਕਸਾਰ ਕੀਤਾ ਜਾਂਦਾ ਹੈ। ਇਸ ਦੇ ਨਾਲ ਹਰ ਤਰ੍ਹਾਂ ਦੇ ਪਰਨ ਟੁਕੜੇ ਰੇਲੇ ਮੋਹਰੇ ਮੁਖੜੇ ਆਦਿ ਵਜਾਏ ਜਾ ਸਕਦੇ ਹਨ।

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਧਿੰ | ਤਿਰਕਿਟ | ਧਿੰ | ਨਾ | ਕ | ਤੀਂ | ਧਾ | ਧਾ | ਤਿੰ | ਨਾ |
| X | | 0 | | 2 | | 3 | | 0 | |

ਇਸ ਠੇਕੇ ਸਬੰਧੀ ਇਕ ਅਹਿਮ ਘਟਨਾ ਮੇਰੀ ਸਿਮਰਤੀ ਵਿੱਚ ਸੁਰਖਿਅਤ ਪਈ ਹੈ ਜੋ ਮੈਂ ਆਪ ਸਾਰਿਆਂ ਨਾਲ ਸਾਂਝੀ ਕਰ ਰਿਹਾ ਹਾਂ। ਤਕਰੀਬਨ 1974 ਦੀ ਗਲ ਹੈ ਮੈਂ ਉਸ ਵੇਲੇ ਬਰੇਲੀ ਦੇ ਉਸਤਾਦ ਸ਼ਬੀਰ ਅਹਿਮਦ ਖਾਨ ਪਾਸੋਂ ਤਬਲਾ ਸਿਖ ਰਿਹਾ ਸਾਂ। ਉਨ੍ਹਾਂ ਦਿਨਾਂ ਵਿੱਚ ਇੱਕ ਸੰਗੀਤ ਪ੍ਰੇਮੀ ਦੇ ਘਰ ਅਸੀਂ ਇਕਤਰ ਹੁੰਦੇ ਅਤੇ ਦੇਰ ਰਾਤ ਤਕ ਸੰਗੀਤ ਦਾ ਆਨੰਦ ਮਾਣਦੇ। ਬਰੇਲੀ ਸ਼ਹਿਰ ਵਿੱਚ ਖਾਨ ਸਾਹਿਬ ਕਰਕੇ ਇੱਕ ਗਾਇਕ ਬੜੇ ਪ੍ਰਸਿੱਧ ਸਨ ਜੋ ਬਹੁਤ ਵਧੀਆ ਗਾਉਂਦੇ ਸਨ। ਉਨ੍ਹਾਂ ਦੇ ਬਹੁਤ ਸਾਰੇ ਸ਼ਗਿਰਦ ਸਨ ਜੋ ਵਾਰੀ ਵਾਰੀ ਗਾਉਂਦੇ ਸਨ। ਇਧਰੋਂ ਮੇਰੇ ਉਸਤਾਦ ਸ਼ਬੀਰ ਅਹਿਮਦ ਖਾਨ ਤਬਲਾ ਵਾਦਨ ਵਿੱਚ ਉਸਤਾਦ ਸਨ। ਉਨ੍ਹਾਂ ਦੇ ਸਗਿਰਦ ਅਤੇ ਦੋ ਲੜਕੇ ਵੀ ਤਿਆਰ ਸਨ। ਮੈਨੂੰ ਵੀ ਮਹਿਫਿਲ ਵਿੱਚ ਨਾਲ ਲੈ ਜਾਂਦੇ ਕਿ ਚਲੋ ਸੁਣਨ ਨਾਲ ਸੰਗੀਤਕ ਸੋਝੀ ਆਉਂਦੀ ਹੈ। ਮਹਿਫਿਲ ਵਿੱਚ ਸਾਰੇ ਹਿੰਦੂ ਜਾਂ ਮੁਸਲਮਾਨ ਹੁੰਦੇ ਮੈ ਇਕੱਲਾ ਸਿੱਖ ਹੁੰਦਾ। ਸਾਰੇ ਗੋਲ ਚਕਰ ਵਿੱਚ ਬੈਠਦੇ ਦੋ ਤਿਨ ਤਬਲੇ, ਹਰਮੋਨੀਅਮ ਤੇ ਤਾਨਪੁਰੇ ਪਏ ਹੁੰਦੇ। ਇੱਕ ਦਿਨ ਖਾਂ ਸਾਹਿਬ ਦਾ ਇੱਕ ਸ਼ਗਿਰਦ ਇੱਕ ਬੰਦਸ਼ ਸੂਲਫਾਕ ਵਿੱਚ ਗਾ ਰਿਹਾ ਸੀ ਬੰਦਸ਼ ਵਧੀਆ ਸੀ ਤੇ ਗਲੇ ਦੀ ਤਿਆਰੀ ਵੀ ਸੀ। ਚੰਗਾ ਮਾਹੌਲ ਬਣਿਆ। ਤਬਲੇ ਵਾਲਾ ਜਦੋਂ ਤਿਟ ਕਤਾ ਗਦੀ ਗਿਨਾ ਧਾ ਵਜਾਵੇ ਤਾਂ ਉਸਦੇ ਖੁਲ੍ਹੇ ਬੋਲਾਂ ਦੀ ਆਵਾਜ਼ ਗਾਇਕ ਤੋਂ ਉਪਰ ਹੁੰਦੀ ਲਗੇ। ਸਾਹਮਣੇ ਬੈਠੇ ਖ਼ਾਂ ਸਾਹਿਬ ਮੂਠੀ ਮੀਚ ਕੇ 'ਜਰਾ ਧੀਮੀ' ਕਹਿਣ ਆਵਾਜ਼ ਘਟ ਕਰੇ ਤਾਂ ਲੈਅ ਵੀ ਘਟ ਜਾਵੇ। ਮੈ ਵੀ ਪਹਿਲੀ ਪੰਗਤੀ ਵਿੱਚ ਬੈਠਾ ਸੀ। ਕੁਦਰਤੀ ਇੱਕ ਤਬਲਾ ਮੇਰੇ ਮੂਹਰੇ ਪਿਆ ਸੀ। ਮੈ ਦਿਮਾਗੀ ਤੌਰ ਤੇ ਤਬਲਾ ਵਜਾ ਰਿਹਾ ਸਾਂ। ਜਦੋਂ ਸਾਹਮਣੇ ਬੈਠੇ ਖਾਂ ਸਾਹਿਬ ਨੇ ਮੇਰੇ ਵਲ ਵੇਖਿਆ ਤੇ ਕਿਹਾ- ਹਾਂ ਹਾਂ ਆਪ ਬਜਾਈਏ, ਇਨਾ ਕਹਿਣ ਦੀ ਦੇਰ ਸੀ ਮੈਂ ਇੱਕ ਦਮ ਧਾ ਤਿਰਕਿਟ ਧਿੰਨਾ ਕਤੀ ਧਾ ਧਾ ਤਿੰ ਨਾ ਸ਼ੁਰੂ ਕੀਤਾ। ਇਹ ਠੇਕਾ ਉਸ ਬੰਦਸ਼ ਵਿੱਚ ਇਉਂ ਰਲ ਗਿਆ ਜਿਵੇਂ ਉਸ ਵਾਸਤੇ ਹੀ ਬਣਿਆ ਹੋਵੇ। ਲਗਾਤਾਰ ਦੋ ਵਾਰ ਬੰਦਸ਼ ਸੁਣੀ ਗਈ ਮੈਥੋਂ ਵੀ ਜੋ ਸਰਿਆ ਪੰਜਾਬ ਬਾਜ ਦੇ ਟੁਕੜੇ ਮੋਹਰੇ ਆਦਿ ਵਜਾਏ। ਤਾੜੀਆਂ ਨਾਲ ਸਮਾਪਤੀ ਹੋਈ ਤਾਂ ਖਾਨ ਸਾਹਿਬ ਨੇ ਪੁਛਿਆ 'ਅਰੇ ਸਰਦਾਰ ਜੀ ਯੇਹ ਆਪ ਨੇ ਕਿਆ ਬਜਾਇਆ?' ਇਹ ਸੂਲਫਾਕ ਦਾ ਠੇਕਾ ਹੈ ਜੀ- ਮੈਂ ਨਿਮਰਤਾ ਨਾਲ ਕਿਹਾ।

ਅਜੀ ਯੇਹ ਕਯਾ ਸੂਲਫਾਕ ਹੈ?- ਇਹ ਪੰਜਾਬ ਦਾ ਸੂਲਫਾਕ ਹੈ ਜੀ।

ਅਰੇ ਯੇਹ ਤੋ ਬਹੁਤ ਖੂਬਸੂਰਤ ਹੈ- ਸ਼ੁਕਰੀਆ। ਮੈਂ ਕਿਹਾ।

ਜਿੱਥੇ ਹਿੰਦੁਸਤਾਨ ਦੇ ਸਾਰੇ ਤਬਲੇ ਦੇ ਘਰਾਣਿਆਂ ਦਾ ਦੂਰੋਂ ਨੇੜਿਓਂ ਦਿੱਲੀ ਘਰਾਣੇ ਦਾ ਸ਼ਗਿਰਦ ਹੋਣਾ ਮੰਨਦੇ ਹਨ ਪਰ ਇਕੱਲਾ ਪੰਜਾਬ ਬਾਜ ਹੈ ਜੋ ਸੁਤੰਤਰ ਹੈ। ਪੰਜਾਬ ਬਾਜ ਦਾ ਆਪਣਾ ਭੰਡਾਰਾ ਇਤਨਾ ਭਰਪੂਰ ਹੈ ਇਸਦਾ ਆਪਣਾ ਨਿਵੇਕਲਾ ਪਨ ਹੈ, ਆਪਣੀ ਇਕ ਪਹਿਚਾਣ ਹੈ ਜੋ ਪਹਿਲੀ ਕਤਾਰ ਵਿੱਚ ਉਸਤਾਦ ਜ਼ਾਕਿਰ ਹੁਸੈਨ, ਅਬਦੁਲ ਸਤਾਰ (ਤਾਰੀ) ਪਾਕਿਸਤਾਨ ਹਨ ਏਸੇ ਤਰ੍ਹਾਂ ਦਰਜਾ ਬ ਦਰਜਾ ਹੋਰ ਕਲਾਕਾਰ ਆਪਣਾ ਮੁਕਾਮ ਬਣਾਏ ਹੋਏ ਹਨ ਅਤੇ ਸਿਖਿਆਰਥੀ ਆਪਣਾ ਮੁਕਾਮ ਬਣਾ ਰਹੇ ਹਨ...।

## ਦੂਜਾ ਭਾਗ

ਗੁਰਮਤਿ ਸੰਗੀਤ ਵਿਦਿਆਲੇ ਵਿੱਚ ਵਿਦਿਆਰਥੀ ਗੁਰੂ ਜੀ ਦੇ ਦੁਆਲੇ ਨਵਾ ਸਬਕ ਲੈਣ ਲਈ ਬੈਠੇ ਹਨ।

**ਗੁਰੂ ਜੀ-** ਅੱਜ ਮੈਂ ਤੁਹਾਨੂੰ ਤੀਨਤਾਲ ਵਿੱਚ ਕਾਇਦਾ ਕਰਵਾ ਰਿਹਾ ਹਾਂ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਜ਼ਿਆਦਾ ਤਰ "ਧਾ ਤਿ ਟ ਧਾ ਤਿ ਟ ਧਾ ਧਾ ਤਿ ਟ ਧਾ ਗੇ ਧਿੰ ਨਾ ਗਿ ਨਾ ਦਾ ਪ੍ਰਯੋਗ ਹੋਵੇਗਾ। ਇਸ ਨੂੰ ਵਜਾਉਣ ਸਮੇਂ ਇਸ ਗਲ ਦਾ ਧਿਆਨ ਰਹੇ ਕਿ ਇੱਥੇ ਤਿਟ ਵੱਡੀ ਉਂਗਲੀ ਅਤੇ ਪਹਿਲੀ ਉਂਗਲੀ ਦੋਹਾਂ ਨਾਲ ਹੀ ਵਜੇਗਾ। ਜਦੋਂ ਕਿ ਆਮ ਵਰਤੋਂ ਵਿੱਚ ਤਿ ਅਸੀਂ ਵੱਡੀ ਉਂਗਲੀ ਅਤੇ ਚੀਚੀ ਦੇ ਨਾਲ ਦੀ ਉਗਲੀ ਦੋਨਾਂ ਇਕੱਠਿਆਂ ਨਾਲ ਵਜਾਉਂਦੇ ਹਾਂ ਪਰ ਇਸ ਕਾਇਦੇ ਵਿੱਚ ਤਿ ਇਕੱਲੀ ਵਡੀ ਉਂਗਲੀ ਨਾਲ ਸਿਆਹੀ ਦੇ ਵਿਚਕਾਰ ਵਜੇਗਾ। ਇਸ ਦੀ ਤਿਆਰੀ ਨਾਲ ਸੱਜੇ ਹੱਥ ਦੀਆਂ ਪਹਿਲੀਆਂ ਦੋ ਉਂਗਲੀਆਂ ਦੀ ਇੱਕ ਮਿਠਾਸ ਇੱਕ ਗਮਕ ਪੈਦਾ ਹੋਵੇਗੀ। ਅਭਿਆਸ ਪਹਿਲਾਂ ਵਿਲੰਬਤ ਲੈ ਵਿੱਚ ਫਿਰ ਦੁਗਨ ਵਿੱਚ ਅਤੇ ਚੌਗੁਣ ਵਿੱਚ ਆਦਿ ਵਜਾ ਕੇ ਕਰਨਾ। ਬੋਲਾਂ ਦੀ ਸਫਾਈ ਅਤੇ ਲੈਅ ਦਾ ਧਿਆਨ ਰੱਖਦੇ ਹੋਏ ਅਭਿਆਸ ਕਰਨਾ।

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਕਾਇਦਾ X | ਧਾ | ਤਿ | ਟ | ਧਾ | ਤਿ | ਟ | ਧਾ | ਧਾ |
| 2 | ਤਿ | ਟ | ਧਾ | ਗੇ | ਤਿੰ | ਨਾ | ਕਿ | ਨਾ |
| 0 | ਤਾ | ਤਿ | ਟ | ਤਾ | ਤਿ | ਟ | ਤਾ | ਤਾ |
| 3 | ਤਿ | ਟ | ਧਾ | ਗੇ | ਧਿੰ | ਨਾ | ਗਿ | ਨਾ |
| ਦੁਗਨ ਵਿੱਚ | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਤਿਨਾ | ਕਿਨਾ |
| | ਤਾਤਿ | ਟਤਾ | ਤਿਟ | ਤਾਤਾ | ਤਿਟ | ਧਾਗੇ | ਧਿੰਨਾ | ਗਿਨਾ |
| ਪਲਟੇ 1. | ਧਾਤਿ | ਟਧਾ | ਤਿਟ | ਧਾऽ | ਧਾਤਿ | ਟਧਾ | ਤਿਟ | ਧਾऽ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਤਿੰਨਾ | ਕਿਨਾ |
| | ਤਾਤਿ | ਟਤਾ | ਤਿਟ | ਤਾऽ | ਤਾਤਿ | ਟਤਾ | ਤਿਟ | ਤਾऽ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿੰਨਾ | ਗਿਨਾ |
| 2. | ਧਾਤਿ | ਟਧਾ | ਤਿਟ | ਧਾਧਾ | ਧਾਤਿ | ਟਧਾ | ਤਿਟ | ਧਾਧਾ |
| | ਧਾਤਿ | ਟਧਾ | ਤਿਟ | ਤਾਤਾ | ਤਾਤਿ | ਟਤਾ | ਤਿਟ | ਤਾਤਾ |
| | ਤਾਤਿ | ਟਤਾ | ਤਿਟ | ਤਾਤਾ | ਤਾਤਿ | ਟਤਾ | ਤਿਟ | ਤਾਤਾ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਤਿੰਨਾ | ਕਿਨਾ |
| 3. | ਧਾਤਿ | ਟਧਾ | ਤਿਟ | ਤਿਟ | ਧਾਤਿ | ਟਧਾ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਤਿੰਨਾ | ਕਿਨਾ |
| | ਤਾਤਿ | ਟਤਾ | ਤਿਟ | ਤਿਟ | ਤਾਤਿ | ਟਤਾ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਤਿੰਨਾ | ਕਿਨਾ |
| 4. | ਧਾਤਿ | ਟਧਾ | ਤਿਟ | ਧਾਧਾ | ਤਿਟ | ਤਿਟ | ਤਿਟ | ਧਾਧਾ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| | ਤਾਤਿ | ਟਤਾ | ਤਿਟ | ਤਾਤਾ | ਤਿਟ | ਤਿਟ | ਤਿਟ | ਤਾਤਾ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| 5. | ਧਾਤਿ | ਟਧਾ | ਤਿਟ | ਧਾਧਾ | ਤਿਟ | ਤਿਟ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| | ਤਾਤਿ | ਟਤਾ | ਤਿਟ | ਤਾਤਾ | ਤਿਟ | ਤਿਟ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਗੇ | ਤਿੰਨਾ | ਕਿਨਾ |
| 6. | ਤਿਟ | ਤਿਟ | ਧਾਤਿ | ਟਧਾ | ਤਿਟ | ਧਾਧਾ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |

| | | | | | | | | |
|---|---|---|---|---|---|---|---|---|
| | ਤਿਟ | ਤਿਟ | ਤਾਤਿ | ਟਤਾ | ਤਿਟ | ਤਾਤਾ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| 7. | ਧਾऽ | ਧਾऽ | ਤਿਟ | ਤਿਟ | ਧਾऽ | ਧਾऽ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| | ਤਾऽ | ਤਾऽ | ਤਿਟ | ਤਿਟ | ਤਾऽ | ਤਾऽ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਦ | ਧਾਗੇ | ਤਿੰਨਾ | ਕਿਨਾ |
| 8. | ਧਾਧਾ | ਧਾਤਿ | ਟਧਾ | ਤਿਟ | ਧਾਧਾ | ਧਾਤਿ | ਟਧਾ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਤਿੰਨਾ | ਕਿਨਾ |
| | ਤਾਤਾ | ਤਾਤਿ | ਟਤਾ | ਤਿਟ | ਤਾਤਾ | ਤਾਤਿ | ਟਤਾ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| 9. | ਧਾਧਾ | ਧਾਧਾ | ਤਿਟ | ਤਿਟ | ਧਾਧਾ | ਧਾਧਾ | ਤਿਟ | ਤਿਟ |
| | ਧਾਤਿ | ਟਤਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| | ਤਾਤਾ | ਤਾਤਾ | ਤਿਟ | ਤਿਟ | ਤਾਤਾ | ਤਾਤਾ | ਤਿਟ | ਤਿਟ |
| | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| ਤਿਹਾਈ 10. | ਧਾਤਿ | ਟਧਾ | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ |
| | ਧਾ | ਧਾ | ਧਾ | ਧਾਤਿ | ਟਧਾ | ਤਿਟ | ਧਾਧਾ | ਤਿਟ |
| | ਧਾਗੇ | ਧਿਨਾ | ਗਿਨਾ | ਧਾ | ਧਾ | ਧਾ | ਧਾਤਿ | ਟਧਾ |
| | ਤਿਟ | ਧਾਧਾ | ਤਿਟ | ਧਾਗੇ | ਧਿਨਾ | ਗਿਨਾ | ਧਾ | ਧਾ |
| | ਧਾ | | | | | | | |

## ਤੀਜਾ ਭਾਗ

ਤਾਲ ਦੇ ਖੇਤਰ ਵਿੱਚ ਬਰਾਬਰ ਦੀਆ ਮਾਂਤਰਾਂ ਦੇ ਤਾਲਾਂ ਦੀ ਸ਼੍ਰੇਣੀ ਵਿੱਚ ਅੱਜ ਅਸੀਂ 12 ਮਾਂਤਰਾਂ ਦੇ ਤਾਲਾਂ ਦਾ ਜਿਕਰ ਕਰਾਂਗੇ ਇਸ ਸ਼੍ਰੇਣੀ ਵਿੱਚ ਵਿਸ਼ੇਸ਼ ਕਰਕੇ ਏਕਤਾਲ ਅਤੇ ਚਾਰਤਾਲ ਦਾ ਵਰਨਣ ਮਿਲਦਾ ਹੈ। ਜਿੱਥੇ ਇਨ੍ਹਾਂ ਤਾਲਾਂ ਦੀਆਂ ਮਾਤਰਾਂ ਬਰਾਬਰ ਹਨ ਉੱਥੇ ਤਾਲੀ ਖਾਲੀ ਆਦਿ ਵੀ ਬਿਲਕੁਲ ਇਕ ਸਮਾਨ ਹੈ। ਐਨੀ ਸਮਾਨਤਾ ਹੁੰਦੇ ਹੋਏ ਵੀ ਇਹ ਦੋ ਵਖਰੇ ਵਖਰੇ ਤਾਲ ਹੁੰਨ ਅਤੇ ਦੋਹਾਂ ਦੀ ਵਖਰੀ ਵਖਰੀ ਹਸਤੀ ਹੈ। ਵਖਰੀ ਪਹਿਚਾਣ ਹੈ। ਅਸੀਂ ਵੇਖਿਆ ਹੈ ਝਪਤਾਲ ਅਤੇ ਸੂਲਤਾਲ ਵਿੱਚ ਸਿਰਫ 10 ਮਾਤਰਾਂ ਦੀ ਸਾਂਝ ਹੈ ਬਾਕੀ ਦੋਨਾਂ ਦੀ ਤਾਲੀ ਖਾਲੀ ਵਖਰੀ ਹੈ ਜਿਸ ਕਾਰਨ ਦੋਨਾਂ ਦੀ ਚਾਲ ਵਖਰੀ ਹੈ। ਪਰ ਇਨਾਂ ਤਾਲਾਂ ਵਿੱਚ ਅਜਿਹਾ ਨਹੀਂ ਹੈ। ਸਗੋਂ ਸਭ ਕੁਝ ਸਮਾਨ ਹੁੰਦੇ ਹੋਏ ਵੀ ਮੌਲਿਕ ਪਹਿਚਾਣ ਹੈ।

ਮਾਤਰਾਂ 12 ਵਿਭਾਗ 6 ਤਾਲੀ 1,5,9 ਅਤੇ 11 ਵੀ ਮਾਤਰ ਉਪਰ, ਖਾਲੀ 3, ਅਤੇ 7 ਵੀ ਮਾਤਰ।

ਏਕ ਤਾਲ : ਤਬਲੇ ਦੀਆਂ ਪ੍ਰਮੁੱਖ ਤਾਲਾਂ ਵਿੱਚੋਂ ਇੱਕ ਹੈ। ਇਸ ਤਾਲ ਦਾ ਪ੍ਰਯੋਗ ਸੋਲੋ ਵਾਦਨ ਵਿੱਚ ਵੀ ਕੀਤਾ ਜਾਂਦਾ ਹੈ ਇਸ ਕਰਕੇ ਇਸ ਵਿੱਚ ਖੂਬਸੂਰਤ ਕਾਇਦੇ ਪੇਸ਼ਕਾਰ ਪਰਨਾਂ ਰੇਲੇ ਟੁਕੜੇ ਗਤਾਂ ਆਦਿ ਹਰ ਪ੍ਰਕਾਰ ਦਾ ਸਬਕ ਵਜਾਇਆ ਜਾਂਦਾ ਹੈ। ਇਸ ਤਾਲ ਦਾ ਪ੍ਰਯੋਗ ਗਾਇਨ ਅਤੇ ਵਾਦਨ ਦੇ ਨਾਲ ਬਿਲੰਬਤ, ਮਧ ਅਤੇ ਦਰੁਤ ਲੈਅ ਵਿੱਚ ਕੀਤਾ ਜਾਂਦਾ ਹੈ। ਖਿਆਲ ਅੰਗ ਦੀ ਗਾਇਕੀ ਵਿੱਚ ਏਕਤਾਲ ਦਾ ਵਿਸ਼ੇਸ਼ ਸਥਾਨ ਹੈ ਕਿਉਂਕਿ ਬੜੇ ਖਿਆਲ ਨਾਲ ਵਿਲੰਬਤ ਲੈਅ ਵਿੱਚ ਵਜਾਉਣ ਲਈ ਸਭ ਤੋਂ ਵਧੀਆ ਤਾਲ ਹੈ। ਅਜ ਕਲ ਸਾਰੇ ਤਾਂ ਨਹੀਂ ਤਕਰੀਬਨ ਅੱਸੀ ਪ੍ਰਤੀਸ਼ਤ ਬੜੇ ਖਿਆਲ ਏਕ ਤਾਲ ਵਿੱਚ ਹੀ ਗਾਏ ਜਾਂਦੇ ਹਨ।

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਧਿੰ | ਧਿੰ | ਧਾਗੇ | ਤਿਰਕਿਟ | ਤੂੰ | ਨਾ | ਕੱ | ਤਾ | ਧਾਗੇ | ਤਿਰਕਿਟ | ਧਿੰ | ਨਾ |
| X | | 0 | | 2 | | 0 | | 3 | | 4 | |

ਚਾਰ ਤਾਲ : ਇਹ ਪਖਾਵਜ ਦੀਆ ਪ੍ਰਮੁੱਖ ਤਾਲਾਂ ਵਿੱਚੋਂ ਹੈ। ਇਸਦਾ ਪ੍ਰਯੋਗ ਧਰੁਪਦ ਅੰਗ ਦੇ ਗਾਇਨ ਵਾਦਨ ਨਾਲ ਕੀਤਾ ਜਾਂਦਾ ਹੈ। ਪਖਾਵਜ ਵਾਦਕ ਇਸ ਤਾਲ ਵਿੱਚ ਸੋਲੋ ਵੀ ਵਜਾਉਂਦੇ ਹਨ। ਇਸ ਤਾਲ ਵਿੱਚ ਕਾਇਦੇ, ਪਰਨ, ਰੇਲੇ, ਗਤਾਂ ਆਦਿ ਖੂਬਸੂਰਤੀ ਨਾਲ ਵਜਾਈਆਂ ਜਾਂਦੀਆਂ ਹਨ। ਇਸ ਤਾਲ ਦਾ ਵਾਦਨ ਜ਼ਿਆਦਾਤਰ ਵਿਲੰਬਤ ਅਤੇ ਮੱਧ ਲੈਅ ਵਿੱਚ ਹੀ ਕੀਤਾ ਜਾਂਦਾ ਹੈ। ਅਜਕਲ ਖਿਆਲ ਅੰਗ ਦੇ ਗਾਇਨ ਵਾਦਨ ਦੀ ਪ੍ਰਧਾਨਤਾ ਹੋਣ ਕਰਕੇ ਇਹ ਤਾਲ ਘਟ ਪ੍ਰਯੋਗ ਵਿੱਚ ਆ ਰਹੀ ਹੈ। ਪਰ ਧਰੁਪਦ ਅੰਗ ਦੇ ਗਾਇਨ ਵਿੱਚ ਇਸਦੇ ਜੋੜ ਦਾ ਕੋਈ ਦੂਸਰਾ ਤਾਲ ਨਹੀਂ ਹੈ। ਪਖਾਵਜ ਦਾ ਤਾਲ ਹੋਣ ਕਰਕੇ ਖੁਲੇ ਅਤੇ ਜੋਰਦਾਰ ਬੋਲ ਹਨ ਜਿਨ੍ਹਾਂ ਵਿੱਚ ਲੈਅ ਕਾਰੀਆਂ ਬੜੀਆਂ ਅੱਛੀਆਂ ਵਜਾਈਆਂ ਜਾਂਦੀਆਂ ਹਨ। ਪਖਾਵਜ ਦੇ ਤਾਲਾਂ ਵਿੱਚ ਪੰਜਾਬ ਦੇ ਵਾਦਕ ਸਾਥ ਬਹੁਤ ਵਧੀਆ ਵਜਾਇਆ ਕਰਦੇ ਸਨ।

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਧਾ | ਧਾ | ਦਿੰ | ਤਾ | ਕਿਟ | ਧਾ | ਦਿੰ | ਤਾ | ਤਿਟ | ਕਤਾ | ਗਦੀ | ਗਿਨਾ |
| X | | 0 | | 2 | | 0 | | 3 | | 4 | |

ਮੈਨੂੰ ਇਹ ਦਸਦਿਆਂ ਬੜੀ ਪ੍ਰਸੰਨਤਾ ਹੋ ਰਹੀ ਹੈ ਕਿ ਤਬਲਾ ਵਾਦਕ ਭਾਈ ਹਰਭਜਨ ਸਿੰਘ ਧਾਰੀਵਾਲ ਜੋ ਕਿ ਖਾਲਸਾ ਦੀਵਾਨ ਸਿੱਖ ਟੈਂਪਲ ਹਾਂਗ ਕਾਂਗ ਵਿਖੇ ਸੇਵਾ ਕਰ ਰਹੇ ਹਨ ਉਨ੍ਹਾਂ ਨੂੰ ਮੇਰੇ ਹਾਂਗ ਕਾਂਗ ਪਹੁੰਚਣ ਦੀ ਖਬਰ ਭਾਈ ਅਵਤਾਰ ਸਿੰਘ ਹੰਸ ਨੇ ਅਗੇਤੀ ਦੇ ਦਿੱਤੀ ਸੀ। ਪਰ ਮੈਂ ਆਪਣੇ ਰੁਝੇਵਿਆਂ ਅਨੁਸਾਰ ਥੋੜਾ ਦੇਰ ਨਾਲ ਗਿਆ ਉਨ੍ਹਾਂ ਨੇ ਆਪਣੇ ਸੁਨੇਹੇ ਵਿੱਚ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਗੁਰਮਤਿ ਸੰਗੀਤ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਸ਼ੁਭ ਇਛਾਵਾਂ ਭੇਜੀਆਂ ਹਨ ਜੋ ਕਿ 'ਅੰਮ੍ਰਿਤ ਕੀਰਤਨ' ਦੇ ਮਾਧਿਅਮ ਰਾਹੀਂ ਤਬਲੇ ਦੀ ਸਿਖਿਆ ਪ੍ਰਾਪਤ ਕਰ ਰਹੇ ਹਨ। ਭਾਈ ਧਾਰੀਵਾਲ ਜੀ ਨੇ ਬੜੀ ਪ੍ਰਸੰਨਤਾ ਜਾਹਿਰ ਕੀਤੀ ਕਿ ਉਨ੍ਹਾਂ ਵਲੋਂ ਸ਼ੁਰੂ ਕੀਤੀ ਕਲਾਸ ਨੂੰ ਦਾਸ ਗੁਰਜੰਤ ਸਿੰਘ ਰਾਹੀ ਵਲੋਂ ਬੜੀ ਲਗਨ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਨੇ ਡਾ. ਭਾਈ ਜਾਗੀਰ ਸਿੰਘ ਜੀ ਅਤੇ ਅਦਾਰਾ 'ਅੰਮ੍ਰਿਤ ਕੀਰਤਨ' ਲਈ ਸ਼ੁਭ ਇਛਾਵਾਂ ਭੇਜੀਆਂ। ■


**ਲੇਖਕਾਂ ਲਈ ਬੇਨਤੀ**

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਕ ਆਦਿ ਭੇਜਣ ਦੀ ਖੇਚਲ ਕਰਨ।

**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ!**

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ। ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.) 1246/1, ਸੈਕਟਰ 22-ਬੀ, ਚੰਡੀਗੜ੍ਹ 160 022**

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ E-Mail Address ਅੰਮ੍ਰਿਤ ਕੀਰਤਨ ਦੇ E-Mail Address drjagirsingh@rediffmail.com ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਸੰਪਰਕ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।
3. ਜੇ ਤੁਹਾਨੂੰ 15 ਤਰੀਕ ਤੱਕ ਮੈਗਜ਼ੀਨ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ, 1246 (I ਫਲੋਰ), ਸੈਕਟਰ 22-ਬੀ, ਚੰਡੀਗੜ੍ਹ 160 022**

# ਪੁਸਤਕ ਸਮੀਖਿਆ


## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ


**ਪੁਸਤਕ** : ਜੀਵਨ ਜੁਗਤਾਂ ਦੀ ਤਲਾਸ਼ **ਲੇਖਕ** : ਡਾ. ਕਰਨੈਲ ਸਿੰਘ ਸੋਮਲ

**ਪੰਨੇ** : 150 **ਕੀਮਤ** : 150 ਰੁਪਏ

**ਪ੍ਰਕਾਸ਼ਕ** : ਹਰਸ਼ਗੀਤ ਪ੍ਰਕਾਸ਼ਨ, 422 ਸੈਕਟਰ 15 ਏ, ਚੰਡੀਗੜ੍ਹ।

ਜੀਵਨ ਵਿਹਾਰ ਵਿੱਚ ਕੌੜੀਆਂ ਕਸਿਆਲੀਆਂ ਚਿਣਗਾਂ ਦਾ ਅਛੋਪਲੇ ਜਿਹੇ ਸ਼ਾਮਲ ਹੋ ਜਾਣਾ ਅਤੇ ਸਮੇਂ ਦੀ ਬੇਮੁਹੱਬਤੀ ਹਵਾ ਲੱਗਣ ਨਾਲ ਉਹਨਾਂ ਦਾ ਜਾਗ ਉੱਠਣਾ ਤੇ ਭਾਂਬੜ ਬਣ ਜਾਣਾ, ਸੋਚਾਂ ਦੇ ਘੇਰੇ ਤੋਂ ਬਾਹਰੀ ਗੱਲ ਬਣਦੀ ਜਾ ਰਹੀ ਹੈ। ਜਦੋਂ ਨੂੰ ਕੁਝ ਅਹੁੜਦਾ ਹੈ ਉਦੋਂ ਤੱਕ ਸਭ ਕੁਝ ਫਨਾਹ ਹੋ ਚੁੱਕਾ ਹੁੰਦਾ ਹੈ। ਵਿਗਿਆਨਿਕ ਸੋਚ ਵਾਲੇ ਇਸ ਮਸ਼ੀਨੀ ਯੁੱਗ ਵਿੱਚ ਸਭੋ ਕੁਝ ਬਹੁਤ ਤੇਜੀ ਨਾਲ ਵਾਪਰ ਰਿਹਾ ਹੈ। ਮਨੁੱਖ ਖੁਦ ਇੱਕ ਮਸ਼ੀਨ ਦੀ ਨਿਆਈਂ ਬਣਿਆ ਪਿਆ ਹੈ। ਕਿਸੇ ਕੋਲ ਸਮਾਂ ਹੀ ਨਹੀਂ ਕਿ ਉਹ ਇਹ ਸੋਚੇ, ਕਿ ਜਿਸ ਜ਼ਿੰਦਗੀ ਲਈ ਉਹ ਇੰਨਾ ਕੁਝ ਇਕੱਠਾ ਕਰ ਰਿਹਾ ਹੈ, ਉਹ ਜ਼ਿੰਦਗੀ ਅਕਸਰ ਹੈ ਕੀ? ਉਸ ਨੂੰ ਕਿਸ ਕਦਰ ਜੀਵਿਆ ਜਾਵੇ? ਹਰ ਇੱਕ ਵਿਅਕਤੀ ਆਪੋ ਆਪਣੇ ਫਾਰਮੂਲੇ ਬਣਾਈ ਫਿਰਦਾ ਹੈ, ਉਹ ਫਾਰਮੂਲੇ ਭਾਵੇਂ ਦੂਜੇ ਨੂੰ ਫਿੱਟ ਬੈਠਣ ਜਾਂ ਨਾ। ਅਜਿਹੇ ਸਮਿਆਂ ਵਿੱਚ ਲੋੜ ਹੁੰਦੀ ਹੈ ਮਨੁੱਖੀ ਮਨਾਂ ਵਿੱਚ ਸੰਤੁਲਨ ਕਾਇਮ ਕਰਨ ਦੀ। ਲੋੜ ਹੁੰਦੀ ਹੈ ਸਮੂਹਿਕ ਤੇ ਕਲਿਆਣਕਾਰੀ ਸੋਚ ਪੈਦਾ ਕਰਨ ਦੀ। ਕੁਝ ਚਿੰਤਤ ਤੇ ਚੇਤੰਨ ਦਿਮਾਗ ਇਹਨਾਂ ਲੋੜਾਂ ਦੀ ਪੂਰਤੀ ਹਿਤ ਇਸ ਪਾਸੇ ਵੱਲ ਰੁਚਿਤ ਹੋ ਕੇ ਜੀਵਨ ਜੁਗਤਾਂ ਦੀ ਤਲਾਸ਼ ਕਰਦੇ ਹਨ। ਇਹਨਾਂ ਤਲਾਸ਼ੀਆਂ ਹੋਈਆਂ ਜੁਗਤਾਂ ਨੂੰ ਜੀਵਨ ਰੰਗਾਂ ਵਿੱਚ ਸਮੋ ਕੇ ਸਮਾਜ ਦੇ ਸਨਮੁਖ ਰੱਖਦੇ ਹਨ। ਡਾ. ਕਰਨੈਲ ਸਿੰਘ ਸੋਮਲ ਦੀ ਹਥਲੀ ਪੁਸਤਕ "ਜੀਵਨ ਜੁਗਤਾਂ ਦੀ ਤਲਾਸ਼" ਇੱਕ ਅਜਿਹਾ ਹੀ ਦਸਤਾਵੇਜ ਹੈ ਜਿਹੜਾ ਜ਼ਿੰਦਗੀ ਦੇ ਨਾਕਾਰਾਤਮਕ ਪਹਿਲੂਆਂ ਨੂੰ ਸਾਕਾਰਾਤਮਕ ਬਣਾਉਣ ਲਈ ਯਤਨਸ਼ੀਲ ਹੈ।

ਡਾ. ਕਰਨੈਲ ਸਿੰਘ ਸੋਮਲ ਵਾਰਤਕ ਖੇਤਰ ਵਿੱਚ ਚਰਚਿਤ ਹਸਤਾਖਰ ਹਨ। ਪਿਛਲੇ ਲੰਮੇ ਸਮੇਂ ਤੋਂ ਅਖਬਾਰਾਂ ਰਸਾਲਿਆਂ ਰਾਹੀਂ ਉਹ ਇਸ ਖੇਤਰ ਵਿੱਚ ਚੰਗੀ ਪਹਿਚਾਣ ਬਣਾ ਚੁੱਕੇ ਹਨ। ਰੋਜ਼ਮਰਾ ਦੀ ਜਿੰਦਗੀ ਦੇ ਅਹਿਮ ਪਹਿਲੂਆਂ ਨੂੰ ਉਹਨਾਂ ਨੇ ਇਸ ਤੋਂ ਪਹਿਲੀ ਪੁਸਤਕ 'ਜਿੰਦਗੀ ਉਤਸਵ ਹੈ' ਵਿੱਚ ਬਾਖੂਬੀ ਵਿਚਾਰਿਆ ਹੈ। ਡਾ. ਸੋਮਲ ਨੇ ਹਥਲੀ ਪੁਸਤਕ ਵਿੱਚ ਆਪਣੇ ਅਪੂਰਨ ਆਤਮ-ਕਥਨ ਵਿੱਚ ਆਪਣੇ ਆਪ ਨੂੰ ਕਿੱਕਰ ਦਾ ਫੁੱਲ ਦੱਸਿਆ ਹੈ। ਉਹਨਾਂ ਦੀ ਪੁਸਤਕ 'ਜਿੰਦਗੀ ਉਤਸਵ ਹੈ' ਅਤੇ 'ਜੀਵਨ ਜੁਗਤਾਂ ਦੀ ਤਲਾਸ਼' ਦੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਇਸ ਫੁੱਲ ਦਾ ਰੰਗ ਨਾ ਉਤਰਨ ਵਾਲਾ (ਪੱਕਾ) ਹੈ ਅਤੇ ਖੁਸ਼ਬੂ ਕਿਸੇ ਗੁਲਾਬ ਤੋਂ ਘੱਟ ਨਹੀਂ।

ਡਾ. ਸੋਮਲ ਦੇ ਪਿੰਡ ਨੰਦਪੁਰ ਕਲੌੜ ਦੀ ਮਿੱਟੀ ਨੂੰ ਜਾਗ ਤਾਂ ਪ੍ਰਸਿੱਧ ਵਿਦਵਾਨ ਗਿਆਨੀ ਦਿੱਤ ਸਿੰਘ ਨੇ ਹੀ ਲਗਾ ਦਿੱਤੀ ਸੀ। ਡਾ. ਸੋਮਲ ਨੇ ਗਿਆਨੀ ਦਿੱਤ ਸਿੰਘ ਦੀ ਸਮਾਜ ਕਲਿਆਣ ਵਾਲੀ ਸੋਚ ਨੂੰ ਸਮੇਂ ਦੀ ਲੋੜ ਅਨੁਸਾਰ ਮਨੁੱਖੀ ਮਨਾਂ ਦੀ ਸੂਖਮ ਬਿਰਤੀਆਂ ਰਾਹੀਂ ਹੋਰ ਅੱਗੇ ਤੋਰਨ ਦੇ ਯਤਨ ਅਰੰਭੇ ਹੋਏ ਹਨ। ਹਥਲੀ ਪੁਸਤਕ 'ਜੀਵਨ-ਜੁਗਤਾਂ ਦੀ ਤਲਾਸ਼' ਆਪਣੇ ਟਾਇਟਲ ਦੇ ਰੰਗ ਵਾਂਗ ਹਾਰੇ ਵਿੱਚ ਰੱਖੇ ਹੋਏ ਕੜ੍ਹ ਕੜ੍ਹ ਕੇ ਤਿਆਰ ਹੋਏ ਦੁੱਧ ਵਾਂਗ ਬਾਹਰ ਆਈ ਹੈ। ਡਾ. ਸੋਮਲ ਨੇ ਜਿੰਨਾ ਲਿਖਿਆ ਹੈ ਉਸ ਤੋਂ 100 ਗੁਣਾ ਜ਼ਿਆਦਾ ਪੜ੍ਹਿਆ ਹੈ। ਉਹਨਾਂ ਕੇਵਲ ਪੁਸਤਕਾਂ ਹੀ ਨਹੀਂ ਪੜ੍ਹੀਆਂ, ਮਨੁੱਖੀ ਮਨਾਂ ਨੂੰ ਪੜ੍ਹਿਆ, ਉਹਨਾਂ ਦੀ ਲਿਖਤ ਨੂੰ ਪੜ੍ਹਕੇ ਉਹਨਾਂ ਦੇ ਕਿਰਦਾਰ ਨਿਸਚਿਤ ਕੀਤੇ।

ਹਥਲੀ ਪੁਸਤਕ ਦੇ ਨਿਬੰਧਾਂ ਨੂੰ ਵਿਚਾਰਨ ਤੇ ਇੱਕ ਗੱਲ ਸਿੱਧੇ ਤੌਰ ਤੇ ਸਮਝ ਪੈਂਦੀ ਹੈ ਕਿ ਲੇਖਕ ਨੇ ਸਮੇਂ ਦੀ

ਨਬਜ਼ ਦੀ ਰਫਤਾਰ ਨੂੰ ਵੀ ਪੜ੍ਹਿਆ ਹੈ। ਇਸੇ ਲਈ ਉਹ ਸਮੇਂ ਦੇ ਚੱਕ ਤੇ ਚੜ੍ਹ ਕੇ ਘੁੰਮਾਟਣੀਆਂ ਖਾ ਰਹੇ ਮਨੁੱਖ ਦੀ ਨਾਸਾਜ ਹੋ ਰਹੀ ਤਬੀਅਤ ਨੂੰ ਸੁਰ ਕਰਨ ਲਈ ਨੁਸਖੇ ਲਿਖ ਸਕੇ ਹਨ। ਮੇਰਾ ਨਿੱਜੀ ਤਜ਼ਰਬਾ ਤਾਂ ਇਸ ਪੁਸਤਕ ਵਿਚਲੇ ਲੇਖਾਂ ਬਾਰੇ ਕੁਝ ਇਸ ਤਰ੍ਹਾਂ ਦਾ ਹੈ ਕਿ ਜਿੰਨੀਆਂ ਮਾਨਸਿਕ ਬਿਮਾਰੀਆਂ ਆਮ ਬੰਦੇ ਨੂੰ ਲਗਦੀਆਂ ਹਨ ਜਾਂ ਲੱਗਣ ਵਾਲੀਆਂ ਹਨ ਉਹਨਾਂ ਸਾਰੀਆਂ ਦਾ ਇਲਾਜ ਇਸ ਪੁਸਤਕ ਵਿੱਚ ਹੈ। ਪੁਸਤਕ ਵਿੱਚ ਵਿਚਾਰਾਂ ਦਾ ਜੋੜ ਮੇਲ ਆਜੀਬ ਕਿਸਮ ਦਾ ਹੈ। ਪੁਸਤਕ ਖੋਲ੍ਹੋ, ਹੈਡਿੰਗ ਲੱਭੋ, ਤੁਹਾਡਾ ਡਾਕਟਰ ਹੌਲੇ ਹੌਲੇ ਸਹਿਜ ਨਾਲ ਬੋਲਣਾ ਸ਼ੁਰੂ ਕਰੇਗਾ। ਪਾਠਕ ਨੂੰ ਜਾਪੇਗਾ ਕਿ ਡਾਕਟਰ ਸਾਹਿਬ ਉਸ ਨੂੰ ਨਿੱਜੀ ਤੌਰ ਤੇ ਬਹੁਤ ਦੇਰ ਤੋਂ ਜਾਣਦੇ ਹਨ। ਮਨ ਵਿੱਚ ਚਿਤਵੀ ਮਰਜ ਤੋਂ ਬਹੁਤ ਛੇਤੀ ਸਕੂਨ ਮਿਲਣ ਲੱਗੇਗਾ। ਲੋੜ ਸਿਰਫ ਗੰਭੀਰ ਹੁੰਘਾਰੇ ਦੀ ਹੈ। ਉਸ ਤਰ੍ਹਾਂ ਦਾ ਮਰੀਜ਼ ਤਾਂ ਕਿਧਰੇ ਵੀ ਠੀਕ ਨਹੀਂ ਹੋ ਸਕਦਾ ਜਿਹੜਾ ਆਪਣੀ ਦਵਾਈ ਨੂੰ ਅੰਦਰ ਲੰਘਾਉਣ ਦੀ ਬਜਾਏ ਕੰਨ ਦੇ ਪਿੱਛੋਂ ਦੀ ਸੁੱਟ ਦੇਵੇ।

ਮਨੁੱਖੀ ਮਨਾਂ ਦੀ ਬਾਤ ਪਾਉਂਦੇ ਇਨ੍ਹਾਂ ਨਿਬੰਧਾਂ ਵਿੱਚ ਡਾ. ਸੋਮਲ ਨੇ ਜ਼ਿੰਦਗੀ ਦੀ ਰਮਜ ਨੂੰ ਖੂਬ ਪਹਿਚਾਣਿਆ ਹੈ। ਮਜਮੂਨ ਮੁਤਾਬਿਕ ਜਿਉਂ ਜਿਉਂ ਤਾਰਾਂ ਛਿੜਦੀਆਂ ਹਨ, ਕਲਿਆਣ ਕਾਨੜੇ ਦੀ ਧੁਨ ਉਪਜਦੀ ਹੈ। ਹਰੇਕ ਨਿਬੰਧ ਦੇ ਅਖੀਰ ਵਿੱਚ ਆਪੇ ਨੂੰ ਅਹਿਸਾਸ ਹੁੰਦਾ ਹੈ, ਓ, ਹੋ ਗੱਲ ਤਾਂ ਠੀਕ ਹੈ ਯਾਰ!

ਡਾ. ਸੋਮਲ ਦੇ ਨਿਬੰਧਾਂ ਦਾ ਵਿਸ਼ਾ ਖੇਤਰ ਵਿਸ਼ਾਲ ਤੇ ਗਹਿਰਾ ਹੈ। ਨਿਬੰਧਾਂ ਵਿਚਲੇ ਹਰੇਕ ਸੰਕਲਪ ਨੂੰ ਸਪਸ਼ਟ ਕਰਨ ਲਈ ਕੋਸ਼ਕਾਰੀ ਦਾ ਕੰਮ ਬੜੀ ਬਾਰੀਕ ਸੂਝ-ਨੀਝ ਨਾਲ ਹੋਇਆ ਮਿਲਦਾ ਹੈ। ਇਹ ਸਾਰਾ ਕੁਝ ਓਪਰਾ ਨਹੀਂ ਸਗੋਂ ਜਾਣਿਆ ਪਹਿਚਾਣਿਆ ਲਗਦਾ ਹੈ ਕਿਉਂਕਿ ਇਹ ਮਨੁੱਖ ਦੇ ਆਪਣੇ ਅੰਦਰਲੇ ਦੀ ਗੱਲ ਬਾਤ ਹੈ। ਯਥਾਰਥਮੁਖੀ ਸ਼ੈਲੀ ਵਾਲਾ ਪੇਂਡੂ ਪੰਜਾਬੀ ਮੁਹਾਵਰਾ ਜ਼ਿਆਦਾ ਕਾਰਗਰ ਸਾਬਤ ਹੋਇਆ ਹੈ। ਲੇਖਕ ਨੇ ਲਿਖਿਆ ਹੈ ਕਿ ਉਸ ਨੇ ਜ਼ਿੰਦਗੀ ਦੇ ਸਭ ਰੰਗ ਮਾਣੇ ਹਨ। ਡੰਗਰ ਚਾਰਨ, ਖੇਤੀਬਾੜੀ ਕਰਨ ਅਤੇ ਮਧਵਰਗੀ ਕਿਸਾਨੀ ਦੀਆਂ ਤੰਗੀਆਂ ਤੁਰਸ਼ੀਆਂ ਝੱਲਣ ਵਾਲੇ ਲੇਖਕ ਨੇ ਪੀ. ਐੱਚ. ਡੀ. ਤੱਕ ਦੀਆਂ ਉੱਚ ਵਿੱਦਿਅਕ ਯੋਗਤਾਵਾਂ ਆਧੁਨਿਕ ਸ਼ਹਿਰ ਵਿੱਚ ਕੋਠੀ ਕਾਰ ਤੱਕ ਸਭੋ ਕੁਝ ਹਾਸਿਲ ਕੀਤਾ ਹੈ। ਤੇ ਫੇਰ ਪੰਜਾਬ ਪੱਧਰ ਦੇ ਵਿੱਦਿਅਕ ਅਦਾਰੇ ਦੀ ਸਹਾਇਕ ਡਾਇਰੈਕਟਰੀ ਤੋਂ ਸੇਵਾ ਮੁਕਤੀ ਵੀ। ਅਜਿਹੇ ਮਿਹਨਤਕਸ਼ ਇਨਸਾਨਾਂ ਦੇ ਬੌਧਿਕ ਦਿਲ ਦਿਮਾਗ 'ਚੋਂ ਜਦੋਂ ਕੋਈ ਸੰਕਲਪ ਪੁੰਗਰਦਾ ਹੈ ਤਾਂ ਉਹ ਅਜੋਕੇ ਅਸੰਗਠਿਤ ਹੋ ਰਹੇ ਵਿਅਕਤੀਆਂ ਲਈ ਨਿਸਚੇ ਹੀ ਕੋਈ ਨਾ ਕੋਈ ਸੇਧ ਪ੍ਰਦਾਨ ਕਰਦਾ ਹੈ। ਜਿਵੇਂ ਆਪਾਂ ਸਾਰੇ ਜਾਣਦੇ ਹਾਂ ਕਿ ਆਪੇ ਨੂੰ ਕੁਠਾਲੀ ਵਿੱਚ ਢਾਲੇ ਬਿਨਾਂ ਕੋਈ ਸਾਹਿਤਕਾਰ ਸੱਚੇ ਸੁੱਚੇ ਤੇ ਚਿਰਕਾਲ ਜੀਵੀ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦਾ। ਪਰ ਮਨੁੱਖੀ ਮਨਾਂ ਦੇ ਧੁਰ ਅੰਦਰ ਤੱਕ ਦਾ ਸਫਰ ਕਰਦੇ ਇਹ ਨਿਬੰਧ ਡਾ. ਸੋਮਲ ਦੇ ਪਿੰਡੇ ਤੇ ਹੰਢਾਏ ਜੀਵਨ ਵਿਹਾਰਾਂ ਦੀ ਸਾਖੀ ਭਰਦੇ ਹੋਏ ਪਰਪੱਕ ਸਾਹਿਤ ਦਾ ਅਧਿਆਇ ਬਣੇ ਹਨ।

ਸਮਾਜਿਕ ਚੇਤਨਾ ਵਾਲੇ ਇਸ ਲੋਕਪਾਠ ਨੂੰ ਦ੍ਰਿੜ ਕਰਾਉਣ ਪਿੱਛੇ ਡਾ. ਸੋਮਲ ਦਾ ਚੰਗੀਆਂ ਪੁਸਤਕਾਂ ਪੜ੍ਹਨ ਦਾ ਲੰਮਾ ਅਭਿਆਸ, ਉਹਨਾਂ ਦੀ ਆਪਣੀ ਵਿਦਵਤਾ ਅਤੇ ਉਹਨਾਂ ਦਾ ਜੀਵਨ ਸੰਜਮ ਕੰਮ ਕਰਦਾ ਨਜ਼ਰੀਂ ਪੈਂਦਾ ਹੈ। ਇਹਨਾਂ ਨਿਬੰਧਾਂ ਦਾ ਬਣਤਰ-ਵਿਕਾਸ ਕੁਝ ਇਸ ਤਰ੍ਹਾਂ ਹੋਇਆ ਜਾਪਦਾ ਹੈ ਜਿਵੇਂ ਕੋਈ ਚੰਗਾ ਗਾਇਡ ਕਿਸੇ ਥਾਂ ਦੀ ਤੇ ਉਸ ਵਿਚਲੀਆਂ ਨਿੱਕੀਆਂ ਨਿੱਕੀਆਂ ਵਸਤਾਂ ਦੀ ਪਛਾਣ ਕਰਾਉਂਦਾ ਹੋਇਆ ਸਭ ਦਾ ਸਬੰਧ ਉਸ ਥਾਂ ਦੀ ਮਹੱਤਤਾ ਨਾਲ ਜੋੜ ਕੇ ਸਭੋ ਕੁਝ ਸਮਝਾਉਂਦਿਆਂ ਉਸ ਥਾਂ ਪ੍ਰਤੀ ਦਰਸ਼ਕਾਂ ਦੇ ਮਨਾਂ ਵਿੱਚ ਦਿਲਚਸਪੀ ਪੈਦਾ ਕਰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਇਸ ਤਰ੍ਹਾਂ ਸਮਝਾਉਣ ਨਾਲ ਦ੍ਰਿਸ਼ ਕਿੰਨਾ ਮਨਮੋਹਕ ਬਣ ਜਾਣਾ ਹੈ। ਤੇ ਬਸ ਇਸੇ ਤਰ੍ਹਾਂ ਹੀ ਡਾ. ਸੋਮਲ ਨਿਬੰਧ ਦੇ ਛੋਟੇ ਜਿਹੇ ਸਿਰਲੇਖ ਦੀ ਵਿਆਖਿਆ ਸਮੇਂ ਜ਼ਿੰਦਗੀ ਦੇ ਤਰ੍ਹਾਂ ਤਰ੍ਹਾਂ ਦੇ ਰੰਗ ਭਰਦਿਆਂ ਧਿਆਨ ਇੱਕ ਨੁਕਤੇ ਤੇ ਹੀ ਰੱਖਦੇ ਹਨ। ਪਿੱਪਲ ਦੇ ਪੱਤੇ ਵਾਂਗ ਡੋਲਦੇ ਮਨੁੱਖੀ ਮਨਾਂ ਦੀ ਸੂਖਮ ਭਾਵੀ ਬਿਰਤੀ ਨੂੰ ਇਸ ਕਦਰ ਦ੍ਰਿੜ ਕਰਦੇ ਹਨ ਕਿ ਜ਼ਿੰਦਗੀ ਦੇ ਨੀਰਸ ਹੋਣ ਦੀ ਕੋਈ ਸੰਭਾਵਨਾ ਬਾਕੀ ਨਹੀਂ ਛੱਡਦੇ।

ਤਬੀਅਤ ਉੱਤੇ ਜ਼ੋਰ ਦੇ ਕੇ ਨਾ ਲਿਖੇ ਗਏ ਇਹਨਾਂ ਲੇਖਾਂ ਵਿੱਚ ਜ਼ਿੰਦਗੀ ਦੇ ਸਾਕਾਰਾਤਮਕ ਪੱਖ ਨੂੰ ਪ੍ਰਫੁਲਤ ਕਰਨ ਹਿਤ ਦਾਰਸ਼ਨਿਕ ਪਹੁੰਚ ਵੀ ਅਪਣਾਈ ਗਈ ਹੈ। ਬੌਧਿਕ ਵਿਚਾਰ ਬੋਝਲ ਨਾ ਹੋ ਕੇ ਕਿਸੇ ਦਿਲਚਸਪ ਕਹਾਣੀ

ਵਾਂਗ ਮਨੁੱਖੀ ਮਨਾਂ ਦੀ ਬਾਤ ਪਾਉਂਦੇ ਨਜ਼ਰੀ ਪੈਂਦੇ ਹਨ। ਸੰਜਮ ਤੇ ਸਹਿਜ ਜ਼ਿੰਦਗੀ ਦੇ ਦੋ ਅਹਿਮ ਪਹਿਲੂ ਹਨ। ਡਾ. ਸੋਮਲ ਨੇ ਇਹਨਾਂ ਲੇਖਾਂ ਵਿੱਚ ਜ਼ਿੰਦਗੀ ਦੇ ਰੋਜ਼ਮਰਾ ਦੀਆਂ ਉਦਾਹਰਨਾਂ ਦੇ ਕੇ ਰਸੂਲ ਹਮਜਾਤੋਵ ਦੀ ਤਰਜ਼ ਤੇ ਇਹ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ 'ਸੰਜਮ' ਹੋਰਨਾਂ ਕੰਮਾਂ ਕਾਰਾਂ ਦੇ ਨਾਲ ਨਾਲ ਸਾਡੀਆਂ ਲਿਖਤਾਂ ਵਿੱਚ ਕਿਸ ਕਦਰ ਸ਼ਾਮਿਲ ਹੋਣਾ ਚਾਹੀਦਾ ਹੈ। ਅਸਲ ਵਿੱਚ ਡਾ. ਸੋਮਲ ਆਪ ਬਹੁਤ ਸੰਜਮੀ ਪੁਰਸ਼ ਹਨ। ਇਸੇ ਕਰਕੇ ਉਹਨਾਂ ਦੀ ਸਖਸ਼ੀਅਤ ਦਾ ਇਸ ਸਾਰੀ ਲਿਖਤ ਵਿੱਚ ਸਪਸ਼ਟ ਪ੍ਰਭਾਵ ਪਿਆ ਹੈ। ਲਿਖਤਾਂ ਵਿੱਚ ਸੰਜਮੀ ਗੁਣ ਬਹੁਤ ਮੁੱਲਵਾਨ ਹੁੰਦਾ ਹੈ।

ਲੇਖਕ ਨੇ ਅੱਖਰ ਤੋਂ ਅੱਖਰ ਅਤੇ ਸ਼ਬਦ ਤੋਂ ਸ਼ਬਦ ਵਿਚਲੀਆਂ ਵਿਰਲਾਂ ਨੂੰ ਵੀ ਪਾਠਕ ਮਨਾਂ ਦੀ ਸਥਿਤੀ ਨਾਲ ਨਾਪਿਆ ਤੋਲਿਆ ਹੈ। ਪਾਠਕ ਮਨਾਂ ਦੀ ਦਿੱਕਤ ਦੂਰ ਕਰਨ ਤੋਂ ਲੈ ਕੇ ਮਨੁੱਖੀ ਜ਼ਿੰਦਗੀਆਂ ਦੀਆਂ ਸਮੁੱਚੀਆਂ ਦਿੱਕਤਾਂ ਦੂਰ ਕਰਨ ਵਾਲੀ ਇਸ ਵਾਰਤਕ ਦੇ ਰੰਗ ਨਿਰਾਲੇ ਹਨ। ਜੇ ਇਹਨਾਂ ਰੰਗਾਂ ਨੂੰ ਵਾਰਤਕ ਵਿੱਚ ਨਵੇਂ ਪ੍ਰਯੋਗ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ■


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955



## *Think Positive!*

*SAY TO YOURSELF EVERY MORNING:*

- *Today is going to be a great day!*
- *I Can handle more than I think I can!*
- *Things don't get better by worrying about them!*
- *I can be satisfied if I try to do my best!*
- *There is always something to be happy about!*
- *I'm going to make someone happy today!*
- *It's Not good to be down!*
- *Life is great, make the most of it!*

**With best compliments from a wellwisher**

# GLORIOUS HERITAGE OF PUNJAB

**Gurbax Singh Shergill**

President, Punjab Heritage & Education Foundation

709, Phase: 6, S.A.S. Nagar

The natural (geo-physical) and historical heritage of people living in a particular region or state, the essential framework is the main source of their socio-economic growth and historic-o-political evolution. It is the pride and love for this heritage which determines their collective image and personality. Any people or community which neglects its heritage is bound to be lost in the layers of history. The land of Punjab which acted as cradle for Indian civilization for centuries, also remained a route for many foreign invaders and imperial forces. On account of this it developed into a conflicting demographic streams. It was on account of Guru Nanak-Guru Gobind Singh's divine message and later on establishment of Sarkar-e-Khals under Maharaja Ranjit Singh that a common pride for the land developed and gave rise to Punjabi identity. This pride of regional identity is absolutely necessary for overall evolution of a growing nation combining diversity into unity.

Our brave struggle against the foreign invaders and imperialists has left many historical landmarks which act as our glorious milestones in our heritage. The holy places, forts royal palaces, historical gates, sites, gardens, traditional hovels, handwritten manuscripts, wall paintings, coins, rare pieces of art and jewelry need our attention for their preservation. The best way is to put them in relevant use for the Community without tampering with their essential historic originality. Our natural heritage, hills, forests, rivers, rivulets, wet-lands are all in great danger and need our planning and care.

Our best of the human heritage i.e. 'our rural youth', is almost languishing on account of the deterioration in the education system and increasing drug addiction. The great heritage of high moral values i.e. truth, honesty, hard-work and selfless service once again needs to be our best trait at national and international levels.

The Punjab Heritage and Education Foundation has taken the initiative to survey and identify our glorious heritage sites which need our urgent and immediate attention. The holy places are already being looked after by S.G.P.C. and other religious endowments. We have, therefore, tried to identify our heritage sites from Baba Banda Singh Bahadur onwards under the guidance of renowned historian Dr. Kirpal Singh forner Professor and Head of Punjab Historical Studies Punjabi University, Patiala.

The first and the foremost heritage sites is the Ram Bag Garden in Amritsar with its Royal Palaces and Gates, Gardens watch towers and "Baran Dari" with a beautiful layout of fountains and lawns having rare trees planted by Maharaja Ranjit Singh. The Garden is

spread over 84 acres of land. It is appreciable that the Ram Bag Garden and its buildings have been declared as protected moments by the Punjab Government. But in spite of that it remains neglected and is misused and encroached upon by the private clubs and some other agencies without any check. It will be mentioned that Ram Bagh Garden was planned and established by Maharaja Ranjit Singh during early Nineteenth Century and was partly demolished and remodeled by British Rulers and renamed as Company Garden. We called a meeting of Amritsar citizens and established a local group named 'Virsa Amritsar' comprising of eminent citizens including famous architects, doctors, political leaders and social activits presenting various local groups.

1. The Municipal Corporation which controls the Gardens has shown its inability to maintain because of financial difficulties and have passed the resolution to hand it over to Coca Cola Company without any Master Plan for the maintenance of historical buildings, forts, lawns and the gardens. It may be mentioned that Ram Bagh Garden is the only glorious heritage in whole of India representing the creation of freedom period of any state. All other gardens are the product of either Moghul rulers on British empire which remind us of our slavery. We have opposed the handing over of this historical Garden to any private party and feel that it should be maintained by Punjab Government under a trust in which other donors, experts, heritage lovers be associated. However, we are not against any collaboration with multi-nationals or national parties who are willing to help us in this great cause.

2. The second most important heritage site is the Gobindgarh Fort of Maharaja Ranjit Singh and named after Sri Guru Gobind Singh. The fort was occupied by the British Army in 1846 and it remains under the Army control since then without any regular maintenance and conservation. Our team visited this fort in Oct. 2000 after getting the permission of G.O.C. Amritsar. We could see the crumbling main gate and side walls, with lot of unwanted Peepal and Banyan trees on the man building. It may be mentioned that this fort has certain unique architectural features like western style barracks on four corners and palace in the centre. It has a wide circular inspection gallery around the fort having an additional fort wall in between the outer water moat and the main fort-walls. It also has underground escape outlets and inlets with fortifications. This fort was mainly used as a treasury of the Sarkare Khalsa and is the only Sikh fort with long history. We were told that the Army unit which is occupying the fort had sent a report to the higher authorities about its bad condition and need for repair and conservation. It is surprising that the fort has not so far been declared protected monument and has not been shown on the tourist map and no tourist is allowed to enter. Although Red Fort in New Delhi and all other Moghul/Maratha /Rajput forts are open to tourists. Our effort is for declaring it a protected monument and convert it into a war Museum to make it a Tourist attraction.

3. We have identified a historic hill site, facing Ropar Satluj Bridge in between Swaraj Mazda Factory and Nurpur Bedi Road. Maharaja Ranjit Singh had hoisted his flag and posted guns over it demonstrating the might of the Sovereign Punjab in the year 1831 when a Royal Meeting was held with Lord William Bentik. It was the bold display of the might of Sarkar-e-Khalsa all along the route from Kathgarh to Ropar that the British authorities pulled down the flags in 1846 when the following Urdu couplet was inseribed on one of such post by one of our anonymous poet:

"ਯਹਿ ਨਿਸ਼ਾਨੀ ਹੈ ਕਿਸੀ ਪੰਜਾਬ ਕੇ ਦਿਲਦਾਰ ਕੀ"
ਵਤਨ ਕੇ ਲੀਏ ਲੁਟੇ ਹੁਏ ਰਣਜੀਤ ਸਿੰਘ ਸਰਦਾਰ ਕੀ,

This inception has been seen by many visitors, including myself. Our Society has taken up the case with D.C. Ropar who has constituted a committee identify the site and convert it as Maharaja Ranjit Singh Hill Park. We have also identified two wells and a fort within three kilometers off this hills which was built by Baba Banda Singh Bahadur and used by Maharaja Ranjit Singh's forces later on as a major border defence post. This fort was demolished by the British rulers in 1846. We are taking measures to conserve them as memorials to our freedom struggle.

4. Efforts are on to prepare a list of all the Martyrs during our freedom struggle against the British Rule and put up bronze memorial plaques in the village school listing the names of the martyrs so that future generations may remember them for ever.

5. We have also started a regular campaign and conservation on holy Bein river alongwith its wet lands with perennial water flow so that the place where Guru Nanak had a holy dip and uttered the mul-mantara of 'Ek-Onkar' first time be restored and become a living memorial to the divine message.

6. The forts. royal palaces, havelis, gardens. baradaris and historic gates of our Patiala and other Phulkia States need to be further protected and conserved. In spite of the best efforts made by the Punjab Government & INTACH, many of these monuments are fast deteriorating and are in need of urgent care and protection. We have already constituted a study group for their enlistment and take up the case with the Punajb Government and INTACH.

7. There are many other sites and monuments which need to be restored and conserved. The main sites which we have so far identified and under taken for conservation are as follows:

a) General Sham Singh fort and Heveli at Attari village near Wagha Border General Sham Singh Attari was a valiant fighter general of Maharaja Ranjit Singh against the British Army who made the British Officers shout 'India lost' due to his brave leadership in the Battle of Sabhran.

b) Bhai Maharaj Singh memorial in his native village Norangabad in Amritsar who had

waged a long struggle against the British rulers and had taken a vow that he would not accept their rule as long as he is alive. He was the first Indian to be deported to Singapore.

c) Bada Banda Singh Bahadur memorial in Chhapper Jhirhi near Mohali where he won the first battle against the Mughals and killed Wazir Khan of Sirhind Lohgarh also known as Mukhlispur near Sadhoura in Ambala Distt. from where he ruled Punjab for several years and issued the first coin with the inscription given below. Sarkar-e-Khalas of Maharaja Ranjit Singh adopted the same coin as its main currency.

ਦੇਗੋ-ਤੇਗੋ ਫਤਹੁ ਨੁਸਰਤ ਬੇਦ ਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

d) Maharani Jinda Kaur, the brave queen of Maharaja Ranjit Singh and mother of Maharaja Dalip Singh, who was described as "The only Man in Punjab" by Lord Dalhousie had waged a heroic fight against the Britishers. Before dying in U.K. she had expressed her desire the that her ashes be thrown in Punjab rivers, but the deposed Maharaja Dalip Singh, who brought her ashes to India was not allowed to visit Punjab. So he spread her ashes in river Godavari near Nasilk City in Maharashtra. A befitting memorial is planned to be built in her memory on this historic site.

Our efforts are on to identify other sites and buildings associated with great patriots, poets, painters, artists and great literary writers of Punjab. What we need is the support of whole of the Punjab and their love for the Heritage and "I'IIE WILL" to conserve and feel proud of it. ■

Your own web site
visit
**sikh.com.au**
(http://www.sikh.com.au)
For reviews, news and views.
*Contributions from the community are welcome.*
Please E-mail them to webmaster@sikh.com.au

Tune in
**GURBANI SANSAAR**
and listen to prime channel of
**www.musicdarbar.com**
Internet site entirely devoted to devotional music.
Soon releasing Cassettes and CDs under **GURBANI SANSAAR** series.
***Distributors from every town invited.***
Please e-mail : ec@vsnl.com

# ਸੁਰ ਲਿਪੀਆਂ

## ਭਾਈ ਹਰਿੰਦਰ ਪਾਲ ਸਿੰਘ (ਫਤਹਿਗੜ੍ਹ ਸਾਹਿਬ ਵਾਲੇ)

ਐਲ. ਆਈ. ਜੀ. 3498, ਸੈਕਟਰ 70, ਮੁਹਾਲੀ

**ਰਾਗ ਭੈਰਉ :**

ਇਹ ਸੰਪੂਰਨ ਜਾਤੀ ਦਾ ਥਾਟ ਜਨਕ ਰਾਗ ਹੈ ਭਾਵ ਇਸਦਾ ਥਾਟ ਵੀ ਭੈਰਉ ਹੈ। ਇਸ ਰਾਗ ਵਿੱਚ ਸੱਤੋ ਸੁਰ ਲਗਦੇ ਹਨ ਰੇ ਅਤੇ ਧ ਸਵਰ ਕੋਮਲ ਤੇ ਬਾਕੀ ਸਾਰੇ ਸ਼ੁਧ ਸਵਰ ਹਨ। ਇਸਦਾ **ਵਾਦੀ** ਸਵਰ ਧੁ ਤੇ ਸੰਵਾਦੀ ਰੇ ਹੈ। ਗਾਉਣ **ਸਮਾਂ** ਸਵੇਰ (ਪ੍ਰਭਾਤ) ਦਾ ਹੈ। ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਇਸ ਰਾਗ ਦੇ ਅੰਤਰਾਗਤ ਕਾਫੀ ਸਾਰੀ ਬਾਣੀ ਅੰਕਿਤ ਹੈ।

**ਆਰੋਹ** : ਸ ਰੇ ਗ ਮ ਪ ਧੁ ਨੀ ਸਂ

**ਅਵਰੋਹ** : ਸਂ ਨੀ ਧੁ ਪ ਮ ਗ ਰੇ ਸ।

**ਪਕੜ** : ਗ ਮ ਧੁ^ਨੀ ਪ, ਗ ਮ ਰੇ^ਗ ਸ।

ਇਹ ਬੰਦਿਸ਼ ਤਿੰਨ ਤਾਲ (16 ਮਾਤਰਾ) ਵਿੱਚ ਨਿਬੱਧ ਹੈ।

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | ਗਮ | ਪਧੁ | ਪ | ਮ | ਗ | ਰੇ | ਗ | ਮ |
| | | | | | | | | ਗਾऽ | ऽऽ | ਖਾ | ऽ | ਏ | ऽ | ਕ | ਹ |
| ਪ | ਮ | ਗ | ਮ | ਰੇऽ | ਰੇ | ਸ | ਸ | ਸ | ਸ | ਸ | ਰੇ | ਗ | ਮ | ਪ | ਪ |
| ਮਾ | ऽ | ਰਾ | ऽ | ਸੁਆ | ऽ | ਮੀ | ऽ | ਸ | ਗ | ਲ | ਘ | ਟਾ | ऽ | ਕਾ | ऽ |
| ਸਂਨੀ | ਧੁਨੀ | ਸਂਰੇਂ | ਸਂਨੀ | ਧੁਨੀ | ਸਂਨੀ | ਧੁ | ਪ | | | | | | | | |
| ਅੰऽ | ऽऽ | ਤऽ | ਰऽ | ਜਾऽ | ऽऽ | ਮੀ | ऽ | | | | | | | | |
| ***ਅੰਤਰਾ*** | | | | | | | | ਮ | ਮ | ਮ | ਮ | ਧੁ | ਧੁ | ਨੀ | ਨੀ |
| | | | | | | | | ਊ | ऽ | ਠ | ਤ | ਸੁ | ਖੀ | ऽ | ਆ |
| ਸਂ | ਸਂ | ਸਂ | ਸਂ | ਰੇਂ | ਨੀ | ਸਂ | ਸਂ | ਸਂ | ਸਂ | ਰੇਂ | ਗਂ | ਰੇਂ | ਰੇਂ | ਸਂ | ਸਂ |
| ਬੈ | ऽ | ਠ | ਤ | ਸੁ | ਖੀ | ਆ | ऽ | ਭ | ਉ | ਨ | ਹੀ | ਲਾ | ऽ | ਗੇ | ਜਾ |
| ਸਂਨੀ | ਧੁਨੀ | ਸਂਰੇਂ | ਸਂਨੀ | ਧੁਨੀ | ਸਂਨੀ | ਧੁ | ਪ | | | | | | | | |
| ਐऽ | ऽऽ | ਸੇऽ | ऽऽ | ਬੁऽ | ਝੀऽ | ਆ | ऽ | ਬਾਕੀ ਅੰਤਰੇ ਇਸੇ ਤਰ੍ਹਾਂ ਹੀ ਗਾਓ | | | | | | | |

ਨੋਟ : ਜਿਨ੍ਹਾਂ ਵਿਦਿਆਰਥੀਆਂ ਦੇ ਪਾਠ-ਕ੍ਰਮ ਵਿੱਚ ਭੈਰਉ ਰਾਗ (Bhairav) ਹੈ ਉਹ ਇਸ ਬੰਦਿਸ਼ ਨੂੰ ਰਾਗ ਮਾਲਾ ਦੀ ਪਹਿਲੀ ਪੰਕਤੀ (ਪ੍ਰਥਮ ਰਾਗ ਭੈਰਉ ਵੈ ਕਰਹੀ) ਨੂੰ ਸਥਾਈ ਤੇ (ਪ੍ਰਥਮ ਭੈਰਵੀ ਬਿਲਾਵਲੀ) ਨੂੰ ਅੰਤਰਾ ਬਣਾ ਕੇ ਬਹੁਤ ਅੱਛੀ ਤਰ੍ਹਾਂ ਗਾ ਸਕਦੇ ਹਨ।

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਂਨਸ਼ਨ
ਲੁਧਿਆਣਾ - 141 002

**ਰਾਗ ਅਹੀਰ ਭੈਰਵ :**

ਇਹ ਰਾਗ ਭੈਰਵ ਥਾਟ ਦਾ ਹੀ ਇੱਕ ਬਹੁਤ ਪ੍ਰਚੱਲਿਤ ਰਾਗ ਹੈ। ਸੰਪੂਰਨ ਜਾਤੀ ਦਾ ਰਾਗ ਹੈ। ਇਸ ਵਿੱਚ ਰੇ ਅਤੇ ਨੀ ਸਵਰ ਕੋਮਲ ਲਗਦੇ ਹਨ ਤੇ ਬਾਕੀ ਸਵਰ ਸ਼ੁਧ ਲਗਦੇ ਹਨ। **ਵਾਦੀ-ਸੰਵਾਦੀ** ਮ-ਸ ਹੈ। ਗਾਉਣ ਸਮਾਂ ਸਵੇਰ ਦਾ। ਧ ਨੁ ਰ਼ੇ - - - ਸ, ਗ ਮ ਰ਼ੇ - - ਸ - - ਆਦਿਕ ਸਵਰ ਸੰਗਤੀਆਂ ਇਸ ਰਾਗ ਨੂੰ ਬੜਾ ਕਰੁਣਾ ਮਈ ਬਣਾ ਦਿੰਦੀਆਂ ਹਨ।

**ਆਰੋਹ** : ਸ ਰ਼ੇ ਗ ਮ ਪ ਧ ਨ਼ੀ ਸਂ **ਅਵਰੋਹ** : ਸਂ ਨ਼ੀ ਧ ਪ ਮ ਗ ਰ਼ੇ ਸ

ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | ਮ | ਨ਼ੀ | ਧ | ਪ | ਮ | ਗ | ਰ਼ੇ | ਸ |
| | | | | | | | | ਇ | ਹੁ | ਧ | ਨ | ਮੇ | ऽ | ਰੇ | ऽ |
| ਰ਼ੇਸ | ਨ਼ੀ | ਸ | ਰ਼ੇ | ਗ | ਗ | ਮ | ਮ | ਮ | ਮ | ਪ | ਧ | ਨ਼ੀ | ਨ਼ੀ | ਸਂ | ਸਂ |
| ਹऽ | ਰ | ਕੋ | ऽ | ਨਾ | ऽ | ਉ | ऽ | ਗਾਂ | ऽ | ਠਿ | ਨ | ਬਾ | ऽ | ਧ | ਉ |
| ਸਂਨ਼ੀ | ਧਪ | ਮਗ | ਰ਼ੇਗ | ਰ਼ੇਸ | ਨ਼ੀਸ | ਰੇਗ | ਮ | | | | | | | | |
| ਬੇऽ | ऽऽ | ਚऽ | ਨਾऽ | ਖਾऽ | ऽऽ | ਉऽ | ऽ | | | | | | | | |
| *ਅੰਤਰਾ* | | | | | | | | ਮ | ਮ | ਪ | ਧ | ਨ਼ੀ | ਨ਼ੀ | ਸਂ | ਸ |
| | | | | | | | | ਨਾ | ਉ | ਮੇ | ਗੀ | ਖੇ | ऽ | ਤੀ | ऽ |
| ਸਂ | ਰ਼ੇਂ | ਗਂ | ਮਂ | ਗਂ | ਰ਼ੇਂ | ਸਂ | ਸਂ | ਸਂ | ਨ਼ੀ | ਧ | ਨ਼ੀ | ਪ | ਪ | ਮ | ਮ |
| ਨਾ | ਉ | ਮੇ | ਗੀ | ਬਾ | ऽ | ਗੀ | ऽ | ਭ | ਗ | ਤ | ਕ | ਰ | ਉ | ਜ | ਨ |
| ਗਮ | ਪਧ | ਨ਼ੀਸਂ | ਰ਼ੇਗਂ | ਰ਼ੇਸਂ | ਨ਼ੀਧ | ਪਮ | ਗਮ | | | | | | | | |
| ਸऽ | ਰऽ | ਨऽ | ਤੁऽ | ਮਾऽ | ऽऽ | ਗੀऽ | ऽऽ | ਬਾਕੀ ਅੰਤਰੇ ਇਸੇ ਤਰ੍ਹਾਂ ਗਾਓ | | | | | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| **ਭੈਰਉ ਮਹਲਾ ੫॥** | **Bhairo 5th Guru.** | **ਭੈਰਉ ਪੰਜਵੀਂ ਪਾਤਸ਼ਾਹੀ।** |
|---|---|---|
| ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ॥੧॥ | I am in peace when rising, in peace when sitting and feel no fear, when I know this wise, that: | ਉਠਦਾ ਹੋਇਆ ਮੈਂ ਸੁਖੀ ਹਾਂ, ਸੁਖੀ ਹਾਂ ਮੈਂ ਬਹਿੰਦਾ ਹੋਇਆ ਅਤੇ ਮੈਨੂੰ ਕੋਈ ਡਰ ਨਹੀਂ ਲਗਦਾ, ਜਦ ਮੈਂ ਇਸ ਤਰ੍ਹਾਂ ਜਾਣ ਲੈਂਦਾ ਹਾਂ ਕਿ- |
| ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥੧॥ | The One Lord, who is the searcher of all hearts, is my Protector. | ਇੱਕ ਪ੍ਰਭੂ ਜੋ ਸਾਰਿਆਂ ਦਿਲਾਂ ਦੀਆਂ ਜਾਣਨਹਾਰ ਹੈ, ਮੇਰਾ ਰਖਵਾਲਾ ਹੈ। |
| ਰਹਾਉ॥ | Pause. | ਠਹਿਰਾਉ। |
| ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ | Unanxiously I sleep and unanxiously awake I. Thou, O Lord, art contained everywhere. | ਬੇਫਿਕਰ ਹੋ ਮੈਂ ਸੌਂਦਾ ਹਾਂ ਅਤੇ ਬੇਫਿਕਰ ਹੋ ਕੇ ਹੀ ਮੈਂ ਜਾਗਦਾ ਹਾਂ। ਤੂੰ ਹੇ ਸੁਆਮੀ; ਹਰ ਥਾਂ ਵਿਆਪਕ ਹੋ ਰਿਹਾ ਹੈਂ। |

| | | |
|---|---|---|
| ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥੩॥੨॥ | Says Nanak, since the Guru has fixed Gurbani within my mind, I live in peace at home and find peace abroad. | ਗੁਰੂ ਜੀ ਆਖਦੇ ਹਨ ਜਦ ਦੀ ਗੁਰਾਂ ਨੇ ਮੇਰੇ ਮਨ ਅੰਦਰ ਗੁਰਬਾਣੀ ਪੱਕੀ ਤਰ੍ਹਾਂ ਟਿਕਾਈ ਹੈ, ਮੈਂ ਆਪਣੇ ਧਾਮ ਵਿੱਚ ਆਰਾਮ ਅੰਦਰ ਵਸਦਾ ਹਾਂ ਅਤੇ ਬਾਹਰ ਭੀ ਆਰਾਮ ਪਾਉਂਦਾ ਹਾਂ। |
| **ਭੈਰਉ**<br>ਬਾਣੀ ਭਗਤਾ ਕੀ॥<br>ਕਬੀਰ ਜੀਉ॥ ਘਰੁ ੧ | **Bhairo**<br>Hymns of the saints.<br>Sire Kabir | **ਭੈਰਉ**<br>ਸੰਤਾਂ ਦੇ ਸ਼ਬਦ।<br>ਮਹਾਰਾਜ ਕਬੀਰ |
| ੧ਓ ਸਤਿਗੁਰ ਪ੍ਰਸਾਦਿ॥ | There is but One God. By the True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਇਹੁ ਧਨੁ ਮੇਰੇ ਹਰਿ ਕੋ ਨਾਉ॥ | The Name of God; this alone is my wealth. | ਰਬ ਦਾ ਨਾਮ; ਕੇਵਲ ਇਹ ਹੀ ਮੇਰੀ ਦੌਲਤ ਹੈ। |
| ਗਾਂਠਿ ਨਾ ਬਾਧਉ ਬੇਚਿ ਨਾ ਖਾਉ॥੧॥ | I tie it not in a knot, nor do I sell it for my livelihood. | ਮੈਂ ਇਸ ਦੀ ਗੰਢ ਨਹੀਂ ਬੰਨ੍ਹਦਾ, ਨਾ ਹੀ ਮੈਂ ਆਪਣੀ ਉਪਜੀਵਕਾਂ ਲਈ ਇਸ ਨੂੰ ਵੇਚਦਾ ਹਾਂ। |
| ਰਹਾਉ॥ | Pause. | ਠਹਿਰਾਉ। |
| ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ॥ | The Name is my crop and the Name my orchard. | ਨਾਮ ਹੀ ਮੇਰੀ ਫ਼ਸਲਾ ਹੈ ਅਤੇ ਨਾਮ ਹੀ ਮੈਂਡੀ ਬਗੀਚੀ। |
| ਭਗਤਿ ਕਰਉ ਜਨੁ ਸਰਨਿ ਤੁਮਾਰੀ॥੧॥ | I, Thine slave, O Lord, perform The service and seek Thy protection. | ਹੇ ਸੁਆਮੀ। ਮੈਂ ਤੇਰਾ ਗੋਲ ਮੇਰੀ ਘਾਲ ਕਮਾਉਂਦਾ ਅਤੇ ਤੇਰੀ ਪਨਾਹ ਲੋੜਦਾ ਹਾਂ। |
| ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ॥ ਤੁਮਹਿ ਛੋਡਿ ਜਾਨਉ ਨਹੀ ਦੂਜੀ॥੨॥ | Thy Name is my riches and Thy Name my capital. I abandon Thee not, nor know I another. | ਤੇਰਾ ਨਾਮ ਹੀ ਮੇਰੀ ਮਾਲ ਮਿਲਖ ਹੈ ਅਤੇ ਤੇਰਾ ਨਾਮ ਹੀ ਮੈਂਡੀ ਰਾਸ। ਮੈਂ ਤੈਨੂੰ ਨਹੀਂ ਤਿਆਗਦਾ, ਨਾ ਹੀ ਮੈਂ ਹੋਰ ਕਿਸੇ ਨੂੰ ਜਾਣਦਾ ਹਾਂ। |
| ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ॥ ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ॥੩॥ | Thy Name is my kindred and Thy Name my brother. Thy Name is my associate, that will succour me in the end. | ਤੇਰਾ ਨਾਮ ਮੈਂਡਾ ਸਨਬੰਧੀ ਹੈ ਅਤੇ ਤੇਰਾ ਨਾਮ ਹੀ ਮੈਂਡਾ ਵੀਰ। ਤੇਰਾ ਨਾਮ ਮੈਂਡਾ ਸੰਗੀ ਹੈ ਜੋ ਅਖੀਰ ਨੂੰ ਮੇਰੀ ਸਹਾਇਤਾ ਕਰੇਗਾ। |
| ਮਾਇਆ ਮਹਿ ਜਿਸੁ ਰਖੈ ਉਦਾਸੁ॥ ਕਹਿ ਕਬੀਰ ਹਉ ਤਾਕੋ ਦਾਸੁ॥੪॥੧॥ | He whom the Lord keeps detached in the midst of worldly valuables; Says Kabir, of him I am a slave. | ਜਿਸ ਨੂੰ ਸੁਆਮੀ ਸੰਸਾਰੀ ਪਦਾਰਥਾਂ ਅੰਦਰ ਨਿਰਲੇਪ ਰੱਖਦਾ ਹੈ; ਕਬੀਰ ਜੀ ਆਖਦੇ ਹਨ, ਉਸ ਦਾ ਮੈਂ ਗੋਲਾ ਹਾਂ। |